I N T E R N A T I O N A L

# ਪੰਜਾਬੀ ਟ੍ਰਿਬਿਊਨ

BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca

Vol.32 / No.15
10 April, 2026
੨੮ ਚੇਤ ਨਾਨਕਸ਼ਾਹੀ ਸੰਮਤ ੫੫੭

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W



## ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ

ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ 15 ਅਪ੍ਰੈਲ 1469 ਨੂੰ ਹੀ ਅਰੰਭ ਹੋ ਗਈ ਸੀ। ਲਗਾਤਾਰ ਸੈਂਕੜੇ ਸਾਲ 10 ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਬਹੁਤ ਵਿਸਥਾਰ ਨਾਲ ਦੱਸਿਆ ਹੈ। » ਬਾਕੀ ਸਫ਼ਾ 19 'ਤੇ

## ਘੱਟ ਆਮਦਨੀ ਵਾਲੇ ਪਰਿਵਾਰਾਂ ਲਈ ਮੁਫ਼ਤ ਟੈਕਸ ਸੇਵਾ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਘੱਟ ਆਮਦਨੀ ਵਾਲੇ ਪ੍ਰਵਾਰਾਂ ਲਈ ਮੁਫਤ ਟੈਕਸ ਭਰਨ ਦੀ ਸੇਵਾ ਉਪਲਬਧ ਹੈ। ਇਹ ਸੇਵਾ ਹਰ ਸ਼ੁੱਕਰਵਾਰ ਅਤੇ ਸ਼ਨਿੱਚਰਵਾਰ 10:00 ਤੋਂ 1:00 ਵਜੇ ਤਕ ਹੁੰਦੀ ਹੈ ਜਿਸ ਵਿੱਚ CVITP ਦੇ ਵਰਕਰ ਆਪ ਜੀ ਦਾ ਟੈਕਸ ਫਾਇਲ ਕਰਨਗੇ।

ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਬਿ ਦੇ ਨੰਬਰ 604-590-3232 ਤੇ ਸੰਪਰਕ ਕਰ ਸਕਦੇ ਹੋ ਜੀ।

Sarup Singh Chandi
Ph: 604-572-5050
1st & 2nd Mortgage
Fast and Easy Approval
All types of life Insurance, Critical illness, Disability Insurance, Mortgage Protection
7092-125 St. Surrey

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing - Wills & Powers of Attorney
AANCHAL GHAI NOTARY PUBLIC
NAVDEEP KAUR GILL NOTARY PUBLIC
Payal Business Centre 604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

A-CLASS FOREIGN EXCHANGE
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ ਟੈਸਟ
Lucky Sekhon, 604-614-5365
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਉਟ ਹਾਲ ਦੇ ਹੇਠਾਂ

ਜੇਕਰ ਤੁਹਾਨੂੰ ਮੋਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
✓ First-time home buyers
✓ Mortgage renewals
✓ Refinancing solutions
✓ Construction mortgage
✓ Purchase or Refinance
Amarpal Singh
Mortgage Advisor
Call : 604.338.7310
CENTUM MORTGAGE

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ।
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

# Sunita Dhir

## MLA for Vancouver-Langara

## HAPPY VAISAKHI

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ

**My office can help you with ...**

- Arts & Culture
- BC Hydro
- Business Supports
- Childcare & Education
- Community Safety
- Disability Assistance
- Emergency Preparedness
- Health & Mental Health
- Housing
- ICBC
- Post-Secondary Education
- Public Transportation
- Seniors services
- WorkBC
- WorkSafe BC
- & other provincial matters



**Constituency Office**
6615 Main Street
Vancouver, B.C. V5X3H3

Sunita.Dhir.MLA@leg.bc.ca
604-660-8380

Scan here for Linktree!




LEGISLATIVE ASSEMBLY of BRITISH COLUMBIA



# ਇਸ ਵਿਸਾਖੀ 'ਤੇ ਹੋਰ ਸਾਫ਼-ਸੁਥਰਾ ਭਵਿੱਖ ਬਣਾਓ

ਆਪਣੀਆਂ ਪੁਰਾਣੀਆਂ ਇਲੈੱਕਟ੍ਰਾਨਿਕ ਚੀਜ਼ਾਂ ਨੂੰ ਰੀਸਾਈਕਲ ਕਰ ਕੇ ਵਿਸਾਖੀ ਦਾ ਜਸ਼ਨ ਮਨਾਓ – ਜਿਵੇਂ ਕਿ ਪਾਵਰ ਟੂਲ, ਰਸੋਈ ਦੇ ਉਪਕਰਣ, ਵੈਕਿਊਮ, ਅਤੇ ਨਿੱਜੀ ਦੇਖਭਾਲ ਵਾਲੇ ਡਿਵਾਈਸ – ਅਤੇ ਕੀਮਤੀ ਚੀਜ਼ਾਂ ਨੂੰ ਕੂੜੇ ਵਿੱਚ ਜਾਣ ਤੋਂ ਬਚਾਓ, ਤਾਂ ਜੋ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਮਿਲ ਸਕੇ।

**ਸੌਖੀ। ਅਰਥਪੂਰਨ। ਸਾਡੀ ਕਮਿਊਨਿਟੀ ਲਈ ਚੰਗੀ।**



Return-It.ca/Electronics
'ਤੇ ਹੋਰ ਜਾਣੋ


**ਆਪਣੇ ਪੁਰਾਣੇ ਇਲੈੱਕਟ੍ਰਾਨਿਕ ਉਪਰਕਰਣਾਂ ਨੂੰ ਰੀਸਾਈਕਲ ਕਰੋ**

- ਰਸੋਈ ਦੇ ਕਾਊਂਟਰਟਾਪ ਉਪਕਰਣ
- ਸਫਾਈ / ਘਰ ਦੀ ਦੇਖਭਾਲ ਵਾਲੇ ਉਪਕਰਣ
- ਹਵਾ ਨੂੰ ਸ਼ੁੱਧ ਕਰਨ ਵਾਲੇ ਉਪਕਰਣ
- ਪਾਵਰ ਟੂਲ
- ਸ਼ੌਕ / ਹੱਥੀਂ ਬਣਾਈ ਕਲਾ
- ਨਿੱਜੀ ਦੇਖਭਾਲ ਵਾਲੇ ਡਿਵਾਈਸ
- ਕਸਰਤ ਵਾਲੇ ਉਪਕਰਣ
- ਇਲੈੱਕਟ੍ਰਿਕ ਬਾਈਕ
- ਇਲੈੱਕਟ੍ਰਿਕ ਸਕੂਟਰ
- ਡੈਸਕਟਾਪ / ਪੋਰਟੇਬਲ ਕੰਪਿਊਟਰ
- ਨਿੱਜੀ / ਪੋਰਟੇਬਲ ਆਡੀਓ /ਵੀਡੀਓ ਸਿਸਟਮ

Return-It Electronics

ਰਿਟਰਨ-ਇਟ ਇਲੈੱਕਟ੍ਰਾਨਿਕ ਪ੍ਰੋਡਕਟਸ ਰੀਸਾਈਕਲਿੰਗ ਐਸੋਸੀਏਸ਼ਨ, ਬ੍ਰਿਟਿਸ਼ ਕੋਲੰਬੀਆ ਦੁਆਰਾ ਸੰਚਾਲਿਤ

RECYCLE MY ELECTRONICS




HONOURABLE

## GREGOR ROBERTSON

Member of Parliament, Vancouver Fraserview—South Burnaby, B.C.

Offices and Roles as a Parliamentarian

Minister of Housing and Infrastructure

Minister responsible for Pacific Economic Development Canada

360 - 3150 54th Ave E, Vancouver, British Columbia V5S 1Z1

Telephone: 236-203-2211 | Email: gregor.robertson@parl.gc.ca

# ਵਿਸਾਖੀ ਨੂੰ ਇੱਕ ਨਵੀਂ ਮੁਸਕਰਾਹਟ ਨਾਲ ਮਨਾਓ

**ਨਵੇਂ ਗਾਹਕਾਂ ਲਈ ਵਿਸ਼ੇਸ਼ ਤੋਹਫ਼ਾ:**

- **ਮੁਫ਼ਤ ਸੋਨਿਕੇਅਰ 6300 (Sonicare Toothbrush) ਟੂਥਬਰੱਸ਼** (ਮੁੱਲ $169.99) *(ਤੁਹਾਡੀ ਵਿਆਪਕ ਜਾਂਚ ਅਤੇ ਦੰਦਾਂ ਦੀ ਸਫਾਈ ਦੇ ਨਾਲ)*
- **ਪਰਿਵਾਰ ਦੇ ਹਰੇਕ ਵਾਧੂ ਮੈਂਬਰ ਲਈ $50 ਦਾ ਗਿਫਟਕਾਰਡ ਪ੍ਰਾਪਤ ਕਰੋ**
- ਹੁਣ CDCP ਸਵੀਕਾਰ ਕਰ ਰਿਹਾ ਹੈ
- ਲਗਭਗ 40 ਸਾਲਾਂ ਤੋਂ ਸਰੀ ਅਤੇ ਡੈਲਟਾ ਭਾਈਚਾਰਿਆਂ ਦੀ ਮਾਣ ਨਾਲ ਸੇਵਾ ਕੀਤੀ ਹੈ।





STRAWBERRY HILL
FAMILY DENTAL
ਸਟ੍ਰਾਬੇਰੀ ਹਿੱਲ ਫੈਮਿਲੀ ਡੈਂਟਲ

**ਅੱਜ ਹੀ ਅਪਾਇੰਟਮੈਂਟ ਬੁੱਕ ਕਰਨ ਲਈ 604-594-1551 'ਤੇ ਕਾਲ ਕਰੋ!**

7180 120TH STREET, SURREY, BC V3W 3M



## HAPPY VAISAKHI

ਖਾਲਸਾ ਸਾਜਨਾ ਦਿਵਸ ਅਤੇ **ਵਿਸਾਖੀ** ਦੀਆਂ ਲੱਖ ਲੱਖ ਵਧਾਈਆਂ

Since TEJA 1955

## ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਭਾਰਤੀ ਮਸਾਲੇ

ਲੈਣ ਲਈ ਅੱਜ ਹੀ ਸੰਪਰਕ ਕਰੋ

**Ph : 1-888-816-3993**

**UNIT 117-7727 BEEDIE WAY, DELTA**

**E-mail : info@tejaworldfoods.com**



## HAPPY VAISAKHI

ਖਾਲਸਾ ਸਾਜਣਾ ਦਿਵਸ ਅਤੇ ਵਿਸਾਖੀ ਦੀਆਂ ਸਭ ਨੂੰ ਲੱਖ-ਲੱਖ ਵਧਾਈਆਂ।

May your celebrations be filled with joy, unity, and prosperity.

**Warm wishes from Mayor Brenda Locke and Surrey City Council**



CITY OF SURREY

surrey.ca




# BC BOTTLE DEPOT

## ALL MILK CONTAINERS ARE REFUNDABLE

**SCOTT ROAD SURREY**
Bottle Return Depot
12111 86th Ave, Surrey BC
604-543-0606
Open 9.00 A M— 6.00 PM
DROP OFF : Electronics, Paint, Solvent, Pesticide and Gasoline

**SOUTH VANCOUVER**
Bottle Return Depot
34E 69th Ave, Vancouver BC
604-325-3370
Open 8.30 A M— 5.30 PM
DROP OFF : Paint, Solvent, Pesticide Electronics and Gasoline

**GUILDFORD, SURREY**
Bottle Return Depot
100 14727 108 A Avenue, Surrey BC
604-588-4489
Open 9.00 A M— 6.00 PM
Electronics & Paint Drop Off Only

**WALNUT GROVE LANGLEY**
Bottle Return Depot
#8-20280 97th Ave, Walnut Grove BC
604-513-0420
Open 9.00 A M— 6.00 PM
DROP OFF
Paint & Electronics Only

**LANGLEY**
Bottle Return Depot
20137 Industrial Ave, Langley,
604-534-0171
Open 8.30 AM — 5.30 PM
DROP OFF
Paint & Electronics Only

**MAPLE RIDGE**
Bottle Return Depot
15 20475 Lougheed Hwy
Maple Ridge BC
604-465-8900
Open 9.00 A M— 6.00 PM
Electronics Drop Off

**EXPRESS SERVICES AVAILABLE ON ALL LOCATIONS**

Please go to the nearest bottle depot in your area . We are open 7 days a week (except holidays)

**KULBIR RANA**
**604-916-3737**

BC Bottle Depot exclusives
- FULL DEPOSIT on most pop & Beverage containers.
- NO LIMIT to the numbers you can return.
- FULL DEPOSIT beer cans & bottles - 10 cents each.
- FULL DEPOSIT on wine & Spirit containers.
- Bottle drive specialist

For general inquiries, please contact Kulbir Rana | krana@bcbottledepot.com

# ਬੀ. ਸੀ. ਖਾਲਸਾ ਦਰਬਾਰ ਸੁਸਾਇਟੀ

7749 Prince Edward Street ,Vancouver ,B.C.V5X 0A3 604-325-2290 ,FAX :604-325-2260




## ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਵਲੋਂ

# ਖਾਲਸਾ ਸਾਜਨਾ ਦਿਵਸ ਦੀਆਂ ਲੱਖ ਲੱਖ ਵਧਾਈਆਂ

ਸਾਧ ਸੰਗਤ ਜੀ, ਖਾਲਸਾ ਸਾਜਨਾ ਦਿਵਸ ਵਿਸਾਖੀ ਦੇ ਸਬੰਧ ਵਿੱਚ

**10 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸਵੇਰੇ 9:00 ਵਜੇ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ**

**12 ਅਪ੍ਰੈਲ ਦਿਨ ਐਤਵਾਰ ਸਵੇਰੇ 9:00 ਵਜੇ ਅਖੰਡਪਾਠ ਸਾਹਿਬ ਦੇ ਭੋਗ ਪੈਣਗੇ**

ਉਪਰੰਤ ਦੀਵਾਨ ਸੱਜਣਗੇ। ਸੰਗਤਾਂ ਨੂੰ ਬੇਨਤੀ ਹੈ ਕਿ ਉਪਰੋਕਤ ਸਮਾਗਮਾਂ ਵਿੱਚ ਹਾਜ਼ਰੀਆਂ ਭਰੋ ਜੀ।

**12 ਅਪ੍ਰੈਲ ਨੂੰ ਦੁਪਹਿਰ 12:00 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਹੋਵੇਗੀ।**

- ਹਰ ਮੰਗਲਵਾਰ ਸ਼ਾਮ ਦੇ ਦੀਵਾਨ ਵਿੱਚ 6:30 ਤੋਂ 7:30 ਤਕ ਵਾਹਿਗੁਰੂ ਸਿਮਰਨ ਹੁੰਦਾ ਹੈ।
- ਹਰ ਮੰਗਲਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਦੇ ਜਥੇ ਵਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ।
- ਗੁਰਦੁਆਰਾ ਸਾਹਿਬ ਵਿਖੇ ਪੰਜਾਬੀ ਦੀਆਂ ਕਲਾਸਾਂ ਤੇ ਕੀਰਤਨ ਸਿਖਲਾਈ ਦੀਆਂ ਕਲਾਸਾਂ ਚੱਲ ਰਹੀਆਂ ਹਨ ਜੀ।
- ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ 9 ਤੋਂ 11 ਵਜੇ ਤੱਕ ਅਤੇ ਸ਼ਾਮ 5:00 ਤੋਂ 7:30 ਵਜੇ ਤੱਕ ਦੀਵਾਨ ਸਜਦੇ ਹਨ। ਸੰਗਤਾਂ ਨੂੰ ਬੇਨਤੀ ਹੈ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਜੀ।

ਪ੍ਰੋਗਰਾਮ ਬੁੱਕ ਕਰਵਾਉਣ ਲਈ ਜਾਂ ਕੋਈ ਹੋਰ ਜਾਣਕਾਰੀ ਲੈਣ ਲਈ ਸੰਪਰਕ ਕਰੋ
ਗਿਆਨੀ ਸੁਖਵੰਤ ਸਿੰਘ : 236-688-7264, 604-325-2290

ਮੁੱਖ ਸੇਵਾਦਾਰ : ਸ. ਅਮਰਜੀਤ ਸਿੰਘ, 604-808-6224,
ਸਕੱਤਰ : ਸ: ਇੰਦਰਮੋਹਨ ਸਿੰਘ 604-725-9828

# ਵੈਨਕੂਵਰ ਵਿੱਚ ਪਾਰਕਿੰਗ ਫੀਸ ਭਰਨੀ ਹੋਈ ਹੋਰ ਵੀ ਸੁਖਾਲੀ, 'ਹੌਟਸਪੌਟ' ਐਪ ਦੀ ਹੋਈ ਸ਼ੁਰੂਆਤ

ਵੈਨਕੂਵਰ, (ਏਕਜੋਤ ਸਿੰਘ): ਵੈਨਕੂਵਰ ਸ਼ਹਿਰ ਵਿੱਚ ਸੜਕ ਕਿਨਾਰੇ ਪਾਰਕਿੰਗ ਦੀ ਫੀਸ ਭਰਨ ਵਾਲੇ ਡਰਾਈਵਰਾਂ ਨੂੰ ਹੁਣ ਇੱਕ ਹੋਰ ਨਵਾਂ ਅਤੇ ਸੁਖਾਲਾ ਮੋਬਾਈਲ ਵਿਕਲਪ ਮਿਲ ਗਿਆ ਹੈ। ਸ਼ਹਿਰ ਪ੍ਰਸ਼ਾਸਨ ਨੇ ਮੌਜੂਦਾ 'ਪੇਅ-ਬਾਏ-ਫੋਨ' (PayByPhone) ਐਪ ਦੇ ਨਾਲ ਹੁਣ 'ਹੌਟਸਪੌਟ' (HotSpot) ਐਪ ਨੂੰ ਵੀ ਰਸਮੀ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ। ਇਸ ਅਹਿਮ ਕਦਮ ਦਾ ਮੁੱਖ ਮਕਸਦ ਲੋਕਾਂ ਨੂੰ ਭੁਗਤਾਨ ਦੇ ਵਧੇਰੇ ਵਿਕਲਪ ਪ੍ਰਦਾਨ ਕਰਨਾ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਜੇਕਰ ਕਦੇ ਇੱਕ ਐਪ ਵਿੱਚ ਕੋਈ ਤਕਨੀਕੀ ਖਰਾਬੀ ਆਉਂਦੀ ਹੈ, ਤਾਂ ਦੂਜੀ ਐਪ ਰਾਹੀਂ ਸੇਵਾਵਾਂ ਨਿਰੰਤਰ ਜਾਰੀ ਰਹਿ ਸਕਣ। ਸ਼ਹਿਰ ਭਰ ਵਿੱਚ ਵੱਖ-ਵੱਖ ਥਾਵਾਂ 'ਤੇ ਹੌਟਸਪੌਟ ਲੋਗੋ ਵਾਲੇ ਨਵੇਂ ਬੋਰਡ ਅਤੇ ਚਿੰਨ੍ਹ ਲਗਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਇਸ ਨਵੀਂ ਸਹੂਲਤ ਬਾਰੇ ਜਾਣਕਾਰੀ ਮਿਲ ਸਕੇ। ਖਾਸ ਗੱਲ ਇਹ ਹੈ ਕਿ ਇਹ ਨਵੀਂ ਐਪ ਪਾਰਕਿੰਗ ਲਈ ਉਸੇ ਪੰਜ ਅੰਕਾਂ ਵਾਲੇ ਲੋਕੇਸ਼ਨ ਕੋਡ ਦੀ ਵਰਤੋਂ ਕਰੇਗੀ ਜੋ ਪਹਿਲਾਂ ਹੀ ਪੇਅ-ਬਾਏ-ਫੋਨ ਲਈ ਵਰਤਿਆ ਜਾ




ਰਿਹਾ ਹੈ। ਇਸ ਤੋਂ ਇਲਾਵਾ, ਰਿਹਾਇਸ਼ੀ ਅਤੇ ਸੈਲਾਨੀ ਪਾਰਕਿੰਗ ਸਟੇਸ਼ਨਾਂ 'ਤੇ ਆਪਣੇ ਕ੍ਰੈਡਿਟ ਅਤੇ ਡੈਬਿਟ ਕਾਰਡ ਰਾਹੀਂ ਵੀ ਅਦਾਇਗੀ ਕਰਨਾ ਪਹਿਲਾਂ ਵਾਂਗ ਜਾਰੀ ਰੱਖ ਸਕਦੇ ਹਨ। ਪੇਅ-ਬਾਏ-ਫੋਨ ਵਾਂਗ ਹੌਟਸਪੌਟ ਐਪ ਦੀ ਵਰਤੋਂ ਕਰਨ ਲਈ ਵੀ ਵਰਤੋਂਕਾਰਾਂ ਤੋਂ ਕੋਈ ਵਾਧੂ ਫੀਸ ਨਹੀਂ ਲਈ ਜਾਵੇਗੀ। ਇਸ ਐਪ ਰਾਹੀਂ ਲੋਕਾਂ ਨੂੰ ਐੱਸ.ਐੱਮ.ਐੱਸ. ਰਾਹੀਂ ਮੁਫ਼ਤ ਨੋਟੀਫਿਕੇਸ਼ਨ ਅਤੇ ਪਾਰਕਿੰਗ ਸਮਾਂ ਖਤਮ ਹੋਣ ਦੇ ਰਿਮਾਈਂਡਰ ਵੀ ਮਿਲਣਗੇ। ਪ੍ਰਸ਼ਾਸਨ ਨੇ ਇੱਕ ਅਹਿਮ ਸਾਵਧਾਨੀ ਵਰਤਦਿਆਂ ਸਪੱਸ਼ਟ ਕੀਤਾ ਹੈ ਕਿ ਸ਼ਹਿਰ ਵੱਲੋਂ ਪਾਰਕਿੰਗ ਭੁਗਤਾਨ ਲਈ ਕਿਸੇ ਵੀ ਤਰ੍ਹਾਂ ਦੇ ਕਿਊ.ਆਰ. (QR) ਕੋਡ ਦੀ ਵਰਤੋਂ ਨਹੀਂ ਕੀਤੀ ਜਾਂਦੀ, ਇਸ ਲਈ ਲੋਕਾਂ ਨੂੰ ਕਿਸੇ ਵੀ ਧੋਖਾਧੜੀ ਤੋਂ ਬਚਣ ਲਈ ਸਾਵਧਾਨ ਰਹਿਣਾ ਚਾਹੀਦਾ ਹੈ। ਇਹ ਪੂਰੀ ਪਹਿਲਕਦਮੀ ਵੈਨਕੂਵਰ ਦੇ ਪਾਰਕਿੰਗ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਅਤੇ ਗਾਹਕ ਸੇਵਾ ਨੂੰ ਬਿਹਤਰ ਬਣਾਉਣ ਦੇ ਟੀਚੇ ਦਾ ਹਿੱਸਾ ਹੈ। ਸਾਲ 2024 ਵਿੱਚ ਸ਼ਹਿਰ ਨੇ ਪੂਰੇ ਇਲਾਕੇ ਵਿੱਚ ਲੱਗੇ 7,000 ਪੁਰਾਣੇ ਪਾਰਕਿੰਗ ਮੀਟਰਾਂ ਨੂੰ ਬਦਲ ਕੇ ਨਵੇਂ ਪੇਅ ਸਟੇਸ਼ਨ ਲਗਾਉਣ ਦਾ ਕੰਮ ਸ਼ੁਰੂ ਕੀਤਾ ਸੀ। ਜ਼ਿਕਰਯੋਗ ਹੈ ਕਿ ਹੌਟਸਪੌਟ ਐਪ ਪਹਿਲਾਂ ਹੀ ਸਰੀ, ਨਾਨਾਈਮੋ, ਐਡਮੰਟਨ ਅਤੇ ਹੈਲੀਫੈਕਸ ਵਰਗੇ ਕਈ ਕੈਨੇਡੀਅਨ ਸ਼ਹਿਰਾਂ ਵਿੱਚ ਸਫ਼ਲਤਾਪੂਰਵਕ ਚੱਲ ਰਹੀ ਹੈ। This report was written by Ekjot Singh as part of the Local Journalism Initiative.

# 11 ਅਪ੍ਰੈਲ ਨੂੰ ਵੈਨਕੂਵਰ 'ਚ ਗੁਰਦਾਸ ਮਾਨ ਦੇ 'ਟਰਾਂਸ ਨੈਸ਼ਨਲ ਕਲਚਰਲ ਰਿਪਰੈਸ਼ਨ' ਅਜੰਡੇ ਦਾ ਹੋਵੇਗਾ ਵਿਰੋਧ

## ਪੰਜਾਬੀਆਂ ਵੱਲੋਂ ਗੁਰਦਾਸ ਮਾਨ ਦੇ ਕੈਲਗਰੀ ਅਤੇ ਐਡਮਿੰਟਨ ਸ਼ੋਆਂ ਖਿਲਾਫ ਰੋਸ ਮੁਜ਼ਾਹਰੇ

ਸਰੀ (ਗੁਰਵਿੰਦਰ ਸਿੰਘ ਧਾਲੀਵਾਲ): ਕੈਨੇਡਾ ਦੀ ਧਰਤੀ 'ਤੇ ਸੱਤ ਸਾਲ ਪਹਿਲਾਂ 'ਇੱਕ ਰਾਸ਼ਟਰ ਇੱਕ ਭਾਸ਼ਾ' ਦੇ ਬਿਆਨ ਅਤੇ 'ਅਪਮਾਨਜਨਕ ਟਿੱਪਣੀਆਂ' ਕਾਰਨ ਪੈਦਾ ਹੋਏ ਵਿਵਾਦ ਮਗਰੋਂ, ਹਾਲ ਹੀ ਵਿੱਚ ਗਾਇਕ ਗੁਰਦਾਸ ਮਾਨ ਦੇ ਕੈਲਗਰੀ ਤੇ ਐਡਮਿੰਟਨ ਵਿਚਲੇ ਸ਼ੋਆਂ ਖਿਲਾਫ ਪੰਜਾਬੀਆਂ ਨੇ ਰੋਸ ਪ੍ਰਦਰਸ਼ਨ ਕੀਤਾ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਤੋਂ ਲੈ ਕੇ ਓਂਟਾਰੀਓ ਤੱਕ ਦੀਆਂ ਪੰਜਾਬੀ ਅਤੇ ਸਿੱਖ ਸੰਸਥਾਵਾਂ ਵੱਲੋਂ ਗੁਰਦਾਸ ਮਾਨ ਦੇ ਸ਼ੋਅ ਦੇ ਬਾਈਕਾਟ ਦਾ ਸੱਦਾ ਦਿੱਤਾ ਗਿਆ ਹੈ। ਗੁਰਦਾਸ ਮਾਨ ਵੱਲੋਂ ਸਟੇਜ 'ਤੇ ਪੰਜਾਬੀਆਂ ਖਿਲਾਫ ਮੰਦੀ ਸ਼ਬਦਾਵਲੀ ਵਰਤਣ ਤੋਂ ਇਲਾਵਾ ਟਰਾਂਸ ਨੈਸ਼ਨਲ ਕਲਚਰਲ ਤਸ਼ਦਦ ਦੇ ਏਜੰਡੇ ਵਿਰੁੱਧ ਤੇ ਪੰਜਾਬੀ ਭਾਸ਼ਾ ਨੂੰ ਹਾਸ਼ੀਏ 'ਤੇ ਧੱਕਣ ਕਾਰਨ, ਕੈਨੇਡਾ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ ਐਲਬਰਟਾ 'ਚ ਸ਼ੋਆਂ ਦਾ ਸਖਤ ਵਿਰੋਧ ਕੀਤਾ ਗਿਆ। ਇਸ ਦੌਰਾਨ ਵੈਨਕੂਵਰ 'ਚ 11 ਅਪ੍ਰੈਲ ਨੂੰ ਪੀਐਨਈ ਕੋਲਸੀਅਮ 'ਚ ਹੋ ਰਹੇ ਗੁਰਦਾਸ ਮਾਨ ਦੇ ਸ਼ੋ ਖਿਲਾਫ, ਵੱਡੇ ਰੋਸ ਮੁਜ਼ਾਹਰੇ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਵਿੱਚ ਸਰੀ, ਵੈਨਕੂਵਰ, ਐਬਸਫੋਰਡ ਸਮੇਤ ਬੀਸੀ ਦੇ ਵੱਖ ਵੱਖ ਹਿੱਸਿਆਂ ਚੋਂ ਪੰਜਾਬੀ, ਗੁਰਦਾਸ ਮਾਨ ਖਿਲਾਫ ਰੋਸ ਵਿਖਾਵੇ ਵਿੱਚ ਸ਼ਾਮਿਲ ਹੋਣਗੇ।



ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...



Accepting Canadian Dental Care Plan From Govt.
Consult Dr. Sra for a health SMILE
COMPLIMENTARY NIGHT GUARD (Value $500)
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry – Family & Community Dentistry
604-391-1010 | maplesmiles.ca
8364 Young Road, Unit 101, Chilliwack

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ
SANJHA PUNJAB – SINCE 1997
ਸਾਂਝਾ ਪੰਜਾਬ ਸਵੀਟਸ
ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।
100% Vegitarian
Special Rates for Gurdwara & Mandir



CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• **Rachhpal Singh Gill**
Editor
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurlal Singh**
Journalist

• **Hardam Singh Maan**
Surrey
604-308-6663

• **Ekjot Singh**
News Reporter

**Printed & Published in Canada by : International Punjabi Tribune Inc.**

604-616-2171
punjabitribune
iptribune@gmail.com
www.punjabitribune.ca
punjabitribune

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾ਼ਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾ਼ਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾ਼ਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ।

# ਅਮਰੀਕਾ-ਇਰਾਨ ਜੰਗ : ਕੈਨੇਡਾ ਵਿੱਚ ਵਧਦੀਆਂ ਖੇਤੀ ਕੀਮਤਾਂ ਖੇਤੀਬਾੜੀ ਲਈ ਵੱਡੀ ਚੁਣੌਤੀ

ਸੰਪਾਦਕੀ ਮੰਡਲ

ਈਰਾਨ ਵਿੱਚ ਜਾਰੀ ਜੰਗ ਅਤੇ ਵਿਸ਼ਵ ਪੱਧਰ 'ਤੇ ਪੈਦਾ ਹੋਈ ਅਸਥਿਰਤਾ ਨੇ ਕੈਨੇਡਾ ਦੇ ਖੇਤੀਬਾੜੀ ਖੇਤਰ ਨੂੰ ਇੱਕ ਡੂੰਘੇ ਆਰਥਿਕ ਸੰਕਟ ਵਿੱਚ ਧੱਕ ਦਿੱਤਾ ਹੈ। ਮੌਜੂਦਾ ਹਾਲਾਤ ਦੱਸ ਰਹੇ ਹਨ ਕਿ ਇਸ ਵਾਰ ਫ਼ਸਲਾਂ ਦੀ ਬਿਜਾਈ ਅਤੇ ਸੰਭਾਲ ਦਾ ਸੀਜ਼ਨ ਕਿਸਾਨਾਂ ਲਈ ਉਮੀਦ ਨਾਲੋਂ ਕਿਤੇ ਜ਼ਿਆਦਾ ਮਹਿੰਗਾ ਸਾਬਤ ਹੋਣ ਵਾਲਾ ਹੈ। ਡੀਜ਼ਲ ਅਤੇ ਖਾਦਾਂ ਦੀਆਂ ਕੀਮਤਾਂ ਵਿੱਚ ਆਇਆ ਉਛਾਲ ਸਿਰਫ਼ ਕਿਸਾਨਾਂ ਦੇ ਬਜਟ ਨੂੰ ਹੀ ਨਹੀਂ ਹਿਲਾ ਰਿਹਾ, ਸਗੋਂ ਇਹ ਆਉਣ ਵਾਲੇ ਸਮੇਂ ਵਿੱਚ ਦੇਸ਼ ਦੀ ਖੁਰਾਕ ਸੁਰੱਖਿਆ ਅਤੇ ਆਮ ਲੋਕਾਂ ਦੀਆਂ ਰਸੋਈਆਂ ਦੇ ਬਜਟ 'ਤੇ ਵੀ ਵੱਡਾ ਪ੍ਰਭਾਵ ਪਾ ਸਕਦਾ ਹੈ। ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਵਿੱਚ ਡੀਜ਼ਲ ਦੀਆਂ ਕੀਮਤਾਂ ਦੋ ਡਾਲਰ ਪ੍ਰਤੀ ਲੀਟਰ ਦੇ ਅੰਕੜੇ ਨੂੰ ਛੂਹ ਰਹੀਆਂ ਹਨ ਅਤੇ ਬ੍ਰਿਟਿਸ਼ ਕੋਲੰਬੀਆ ਵਰਗੇ ਸੂਬਿਆਂ ਵਿੱਚ ਤਾਂ ਇਹ ਇਸ ਸੀਮਾ ਨੂੰ ਵੀ ਪਾਰ ਕਰ ਚੁੱਕੀਆਂ ਹਨ।

ਖੇਤੀਬਾੜੀ ਮਸ਼ੀਨਰੀ ਵਿੱਚ ਡੀਜ਼ਲ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ ਕਿਉਂਕਿ ਟਰੈਕਟਰਾਂ ਤੋਂ ਲੈ ਕੇ ਵਾਢੀ ਕਰਨ ਵਾਲੀਆਂ ਮਸ਼ੀਨਾਂ ਤੱਕ ਸਭ ਕੁਝ ਇਸੇ ਬਾਲਣ 'ਤੇ ਨਿਰਭਰ ਕਰਦਾ ਹੈ। ਜਦੋਂ ਬਾਲਣ ਦੀਆਂ ਕੀਮਤਾਂ ਵਿੱਚ ਇੰਨਾ ਵੱਡਾ ਵਾਧਾ ਹੁੰਦਾ ਹੈ, ਤਾਂ ਖੇਤੀ ਦੀ ਕੁੱਲ ਲਾਗਤ ਸਿੱਧੇ ਤੌਰ 'ਤੇ ਵੱਧ ਜਾਂਦੀ ਹੈ। ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਡੀਜ਼ਲ ਦੀ ਮਹਿੰਗਾਈ ਕਾਰਨ ਆਉਣ ਵਾਲੇ ਸਮੇਂ ਵਿੱਚ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਆ ਸਕਦੀ ਹੈ। ਇਹ ਸਥਿਤੀ ਨਾ ਸਿਰਫ਼ ਉਤਪਾਦਕਾਂ ਲਈ ਚੁਣੌਤੀਪੂਰਨ ਹੈ, ਸਗੋਂ ਉਪਭੋਗਤਾਵਾਂ ਲਈ ਵੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਕਿਊਬੈਕ ਸਿਟੀ ਦੇ ਆਰਥਿਕ ਸਲਾਹਕਾਰ ਸੇਬੇਸਟੀਅਨ ਪੌਲਿਓਟ ਅਨੁਸਾਰ ਇਸ ਸੀਜ਼ਨ ਵਿੱਚ ਫ਼ਸਲਾਂ ਤੋਂ ਹੋਣ ਵਾਲੀ ਕਮਾਈ ਦਾ ਮਾਰਜਿਨ ਬਹੁਤ ਘੱਟ ਰਹਿਣ ਦੀ ਸੰਭਾਵਨਾ ਹੈ।



ਕਿਸਾਨਾਂ ਲਈ ਲਾਭ ਦੀ ਮਾਤਰਾ ਪਹਿਲਾਂ ਹੀ ਸੀਮਤ ਹੁੰਦੀ ਹੈ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਹੋਇਆ ਮਾਮੂਲੀ ਵਾਧਾ ਵੀ ਉਨ੍ਹਾਂ ਦੇ ਮੁਨਾਫ਼ੇ ਨੂੰ ਖ਼ਤਮ ਕਰ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਕੀਮਤਾਂ ਇਸੇ ਤਰ੍ਹਾਂ ਵਧਦੀਆਂ ਰਹੀਆਂ, ਤਾਂ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਈ ਰੱਖਣਾ ਬਹੁਤ ਮੁਸ਼ਕਲ ਹੋ ਜਾਵੇਗਾ। ਮੈਨੀਟੋਬਾ ਵਿੱਚ ਕੀਸਟੋਨ ਐਗਰੀਕਲਚਰਲ ਪ੍ਰੋਡਿਊਸਰਜ਼ ਦੇ ਡਾਇਰੈਕਟਰ ਚਾਰਲਸ ਫੋਸੇ ਅਨੁਸਾਰ ਕਿਸਾਨਾਂ ਨੂੰ ਹੁਣ ਆਪਣੇ ਬਾਲਣ ਵਾਲੇ ਟੈਂਕ ਭਰਨ ਲਈ ਪਹਿਲਾਂ ਨਾਲੋਂ ਕਿਤੇ ਵੱਧ ਰਕਮ ਖਰਚਣੀ ਪੈ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਕਈ ਕਿਸਾਨਾਂ ਨੇ ਇਸ ਖਰਚੇ ਦਾ ਅੰਦਾਜ਼ਾ ਲਗਾਉਣ ਲਈ ਅਜੇ ਹਿਸਾਬ-ਕਿਤਾਬ ਵੀ ਨਹੀਂ ਕੀਤਾ ਹੈ, ਪਰ ਇਹ ਸਪੱਸ਼ਟ ਹੈ ਕਿ ਇਹ ਬੋਝ ਬਹੁਤ ਜ਼ਿਆਦਾ ਹੋਣ ਵਾਲਾ ਹੈ।

ਕੁਝ ਚੌਕਸ ਕਿਸਾਨਾਂ ਨੇ ਜੰਗ ਦੇ ਸ਼ੁਰੂਆਤੀ ਦੌਰ ਵਿੱਚ ਹੀ ਆਪਣੇ ਫਾਰਮਾਂ 'ਤੇ ਮੌਜੂਦ ਰਿਜ਼ਰਵ ਟੈਂਕਾਂ ਨੂੰ ਭਰ ਲਿਆ ਸੀ ਤਾਂ ਜੋ ਉਹ ਕੁਝ ਹੱਦ ਤੱਕ ਇਸ ਮਹਿੰਗਾਈ ਤੋਂ ਬਚ ਸਕਣ। ਪਰ ਇਹ ਸਿਰਫ਼ ਇੱਕ ਆਰਜ਼ੀ ਰਾਹਤ ਹੈ ਕਿਉਂਕਿ ਖੇਤੀ ਦੇ ਲੰਬੇ ਸੀਜ਼ਨ ਦੌਰਾਨ ਬਾਲਣ ਦੀ ਲੋੜ ਲਗਾਤਾਰ ਬਣੀ ਰਹਿੰਦੀ ਹੈ। ਫੋਸੇ ਦਾ ਕਹਿਣਾ ਹੈ ਕਿ ਤੁਸੀਂ ਸਿਰਫ਼ ਇੱਕ ਸੀਮਤ ਮਾਤਰਾ ਵਿੱਚ ਹੀ ਤੇਲ ਜਮ੍ਹਾਂ ਕਰ ਸਕਦੇ ਹੋ ਅਤੇ ਸਾਲ ਦੇ ਦੌਰਾਨ ਤੁਹਾਨੂੰ ਵਾਰ-ਵਾਰ ਟੈਂਕ ਭਰਵਾਉਣੇ ਪੈਂਦੇ ਹਨ। ਇਸ ਲਈ ਜੇਕਰ ਕੀਮਤਾਂ ਲੰਬੇ ਸਮੇਂ ਤੱਕ ਉੱਚੀਆਂ ਰਹਿੰਦੀਆਂ ਹਨ, ਤਾਂ ਕਿਸਾਨਾਂ ਨੂੰ ਅੰਤ ਵਿੱਚ ਮਹਿੰਗੇ ਭਾਅ 'ਤੇ ਹੀ ਤੇਲ ਖਰੀਦਣਾ ਪਵੇਗਾ।

ਕੈਨੇਡਾ ਦੇ ਪੂਰਬੀ ਤੱਟ ਤੋਂ ਲੈ ਕੇ ਪੱਛਮੀ ਤੱਟ ਤੱਕ ਕਿਸਾਨ ਇਸ ਵੇਲੇ ਭਾਰੀ ਦਬਾਅ ਮਹਿਸੂਸ ਕਰ ਰਹੇ ਹਨ। ਨਿਊ ਬਰੰਜ਼ਵਿਕ ਦੇ ਕਿਸਾਨ ਕ੍ਰਿਸਚੀਅਨ ਮਿਚੌਡ ਨੇ ਇਸ ਮੁੱਦੇ 'ਤੇ ਚਰਚਾ ਕਰਦਿਆਂ ਦੱਸਿਆ ਕਿ ਜੇਕਰ ਮੌਸਮ ਖੁਸ਼ਕ ਰਹਿੰਦਾ ਹੈ, ਤਾਂ ਸਿੰਚਾਈ ਦਾ ਖਰਚਾ ਬਹੁਤ ਜ਼ਿਆਦਾ ਵਧ ਜਾਵੇਗਾ। ਮੈਰੀਟਾਈਮਜ਼ ਖੇਤਰ ਵਿੱਚ ਸੁੱਕੇ ਮੌਸਮ ਦੌਰਾਨ ਫ਼ਸਲਾਂ ਨੂੰ ਪਾਣੀ ਦੇਣ ਲਈ ਪੰਪ ਚਲਾਉਣੇ ਪੈਂਦੇ ਹਨ, ਜੋ ਮੁੱਖ ਤੌਰ 'ਤੇ ਡੀਜ਼ਲ 'ਤੇ ਨਿਰਭਰ ਹਨ। ਜੇਕਰ ਡੀਜ਼ਲ ਦੀਆਂ ਕੀਮਤਾਂ ਵਿੱਚ ਕੋਈ ਕਮੀ ਨਹੀਂ ਆਉਂਦੀ, ਤਾਂ ਸਿੰਚਾਈ ਕਰਨਾ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੋ ਸਕਦਾ ਹੈ। ਇਹ ਸਥਿਤੀ ਫ਼ਸਲਾਂ ਦੀ ਪੈਦਾਵਾਰ 'ਤੇ ਸਿੱਧਾ ਅਸਰ ਪਾ ਸਕਦੀ ਹੈ, ਜਿਸ ਨਾਲ ਬਾਜ਼ਾਰ ਵਿੱਚ ਸਪਲਾਈ ਘਟਣ ਦਾ ਡਰ ਬਣਿਆ ਰਹਿੰਦਾ ਹੈ।

ਡੀਜ਼ਲ ਦੇ ਨਾਲ-ਨਾਲ ਖਾਦਾਂ ਦੀਆਂ ਕੀਮਤਾਂ ਵੀ ਅਸਮਾਨ ਨੂੰ ਛੂਹ ਰਹੀਆਂ ਹਨ। ਖਾਦਾਂ ਦੀ ਤਿਆਰੀ ਵਿੱਚ ਕੁਦਰਤੀ ਗੈਸ ਅਤੇ ਹੋਰ ਊਰਜਾ ਸਰੋਤਾਂ ਦੀ ਵਰਤੋਂ ਹੁੰਦੀ ਹੈ, ਜਿਨ੍ਹਾਂ ਦੀਆਂ ਕੀਮਤਾਂ ਕੌਮਾਂਤਰੀ ਤਣਾਅ ਕਾਰਨ ਲਗਾਤਾਰ ਵੱਧ ਰਹੀਆਂ ਹਨ। ਹਾਲਾਂਕਿ ਕਿਸਾਨਾਂ ਦੀ ਲਾਗਤ ਤੁਰੰਤ ਵੱਧ ਰਹੀ ਹੈ, ਪਰ ਸੇਬੇਸਟੀਅਨ ਪੌਲਿਓਟ ਦਾ ਕਹਿਣਾ ਹੈ ਕਿ ਖਪਤਕਾਰਾਂ ਨੂੰ ਕਰਿਆਨੇ ਦੀਆਂ ਕੀਮਤਾਂ ਵਿੱਚ ਤੁਰੰਤ ਵਾਧੇ ਦੀ ਉਮੀਦ ਨਹੀਂ ਕਰਨੀ ਚਾਹੀਦੀ। ਆਮ ਤੌਰ 'ਤੇ ਪ੍ਰਚੂਨ ਬਾਜ਼ਾਰ ਵਿੱਚ ਕੀਮਤਾਂ ਬਹੁਤ ਤੇਜ਼ੀ ਨਾਲ ਨਹੀਂ ਬਦਲਦੀਆਂ। ਖੇਤੀ ਲਾਗਤਾਂ ਦਾ ਅਸਰ ਗਾਹਕਾਂ ਤੱਕ ਪਹੁੰਚਣ ਵਿੱਚ ਕੁਝ ਹਫ਼ਤੇ ਜਾਂ ਕਈ ਵਾਰ ਕੁਝ ਮਹੀਨੇ ਲੱਗ ਸਕਦੇ ਹਨ।

ਪੌਲਿਓਟ ਅਨੁਸਾਰ ਜੇਕਰ ਈਰਾਨ ਵਿੱਚ ਚੱਲ ਰਹੀ ਜੰਗ ਜਲਦੀ ਖਤਮ ਹੋ ਜਾਂਦੀ ਹੈ ਅਤੇ ਕੋਈ ਸਮਝੌਤਾ ਸਿਰੇ ਚੜ੍ਹ ਜਾਂਦਾ ਹੈ, ਤਾਂ ਤੇਲ ਦੀਆਂ ਕੀਮਤਾਂ ਮੁੜ ਸਥਿਰ ਹੋ ਸਕਦੀਆਂ ਹਨ। ਅਜਿਹੀ ਸਥਿਤੀ ਵਿੱਚ ਭੋਜਨ ਦੀਆਂ ਕੀਮਤਾਂ ਵਿੱਚ ਬਹੁਤ ਜ਼ਿਆਦਾ ਵਾਧਾ ਹੋਣ ਦੀ ਸੰਭਾਵਨਾ ਘੱਟ ਜਾਵੇਗੀ। ਪਰ ਜੇਕਰ ਇਹ ਟਕਰਾਅ ਲੰਬਾ ਖਿੱਚਿਆ ਜਾਂਦਾ ਹੈ, ਤਾਂ ਆਰਥਿਕ ਨਤੀਜੇ ਗੰਭੀਰ ਹੋ ਸਕਦੇ ਹਨ। ਕਿਸਾਨਾਂ ਲਈ ਇਹ ਸਥਿਤੀ 'ਕਰੋ ਜਾਂ ਮਰੋ' ਵਾਲੀ ਬਣਦੀ ਜਾ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਇੱਕ ਪਾਸੇ ਉਤਪਾਦਨ ਵਧਾਉਣ ਦਾ ਦਬਾਅ ਹੈ ਅਤੇ ਦੂਜੇ ਪਾਸੇ ਵਧਦੀਆਂ ਲਾਗਤਾਂ ਉਨ੍ਹਾਂ ਦਾ ਲੱਕ ਤੋੜ ਰਹੀਆਂ ਹਨ।

ਖੇਤੀਬਾੜੀ ਸੈਕਟਰ ਵਿੱਚ ਆਈ ਇਹ ਮੰਦਹਾਲੀ ਸਿਰਫ਼ ਕਿਸਾਨਾਂ ਦੀ ਸਮੱਸਿਆ ਨਹੀਂ ਹੈ, ਸਗੋਂ ਇਹ ਪੂਰੇ ਦੇਸ਼ ਦੀ ਆਰਥਿਕਤਾ ਨਾਲ ਜੁੜਿਆ ਮੁੱਦਾ ਹੈ। ਕੈਨੇਡੀਅਨ ਕਿਸਾਨ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਵਾਤਾਵਰਣਕ ਅਤੇ ਬਾਜ਼ਾਰ ਦੀਆਂ ਚੁਣੌਤੀਆਂ ਨਾਲ ਜੂਝ ਰਹੇ ਹਨ। ਹੁਣ ਭੂ-ਰਾਜਨੀਤਿਕ ਹਾਲਾਤਾਂ ਕਾਰਨ ਪੈਦਾ ਹੋਈ ਇਹ ਨਵੀਂ ਮੁਸੀਬਤ ਉਨ੍ਹਾਂ ਦੇ ਸਬਰ ਦਾ ਇਮਤਿਹਾਨ ਲੈ ਰਹੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਰਾਹਤ ਦੇਣ ਲਈ ਵਿਸ਼ੇਸ਼ ਨੀਤੀਆਂ ਬਣਾਉਣ ਤਾਂ ਜੋ ਖੇਤੀਬਾੜੀ ਉਤਪਾਦਨ ਪ੍ਰਭਾਵਿਤ ਨਾ ਹੋਵੇ। ਜੇਕਰ ਕਿਸਾਨਾਂ ਨੂੰ ਸਹੀ ਸਮੇਂ 'ਤੇ ਸਹਾਇਤਾ ਨਾ ਮਿਲੀ, ਤਾਂ ਇਸ ਦਾ ਖ਼ਮਿਆਜ਼ਾ ਅੰਤ ਵਿੱਚ ਦੇਸ਼ ਦੇ ਹਰ ਨਾਗਰਿਕ ਨੂੰ ਮਹਿੰਗੀ ਖੁਰਾਕ ਦੇ ਰੂਪ ਵਿੱਚ ਭੁਗਤਣਾ ਪਵੇਗਾ।

ਸਿੱਟੇ ਵਜੋਂ, ਇਹ ਕਿਹਾ ਜਾ ਸਕਦਾ ਹੈ ਕਿ ਕੈਨੇਡੀਅਨ ਖੇਤੀਬਾੜੀ ਇਸ ਵੇਲੇ ਇੱਕ ਨਾਜ਼ੁਕ ਮੋੜ 'ਤੇ ਖੜ੍ਹੀ ਹੈ। ਡੀਜ਼ਲ ਅਤੇ ਖਾਦਾਂ ਦੀਆਂ ਵਧਦੀਆਂ ਕੀਮਤਾਂ ਨੇ ਕਿਸਾਨਾਂ ਦੇ ਸਾਹਮਣੇ ਅਨਿਸ਼ਚਿਤਤਾ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਕਿਸਾਨਾਂ ਦੀ ਹਿੰਮਤ ਅਤੇ ਉਨ੍ਹਾਂ ਦੀਆਂ ਰਣਨੀਤੀਆਂ ਹੀ ਇਹ ਤੈਅ ਕਰਨਗੀਆਂ ਕਿ ਉਹ ਇਸ ਸੰਕਟ ਵਿੱਚੋਂ ਕਿਵੇਂ ਨਿਕਲਦੇ ਹਨ।

ਅੰਤਰਰਾਸ਼ਟਰੀ ਪੱਧਰ 'ਤੇ ਸ਼ਾਂਤੀ ਦੀ ਬਹਾਲੀ ਅਤੇ ਤੇਲ ਦੀਆਂ ਕੀਮਤਾਂ ਵਿੱਚ ਸਥਿਰਤਾ ਹੀ ਇਸ ਸਮੱਸਿਆ ਦਾ ਸਥਾਈ ਹੱਲ ਹੋ ਸਕਦੀ ਹੈ। ਉਦੋਂ ਤੱਕ ਕਿਸਾਨਾਂ ਨੂੰ ਬਹੁਤ ਸੋਚ-ਸਮਝ ਕੇ ਅਤੇ ਵਿਉਂਤਬੰਦੀ ਨਾਲ ਆਪਣੇ ਖਰਚਿਆਂ ਦਾ ਪ੍ਰਬੰਧਨ ਕਰਨਾ ਹੋਵੇਗਾ ਤਾਂ ਜੋ ਉਹ ਇਸ ਮੁਸ਼ਕਲ ਦੌਰ ਨੂੰ ਪਾਰ ਕਰ ਸਕਣ।

# ਗੁਰਦੁਆਰਾ ਬਰੁੱਕਸਾਈਡ ਸਰੀ ਵਿਖੇ ਜੈਕਾਰਿਆਂ ਦੀ ਗੂੰਜ ਵਿੱਚ ਚੜ੍ਹਾਇਆ ਗਿਆ ਨਵਾਂ ਚੋਲਾ ਸਾਹਿਬ







ਸਰੀ, (ਸੁਰਿੰਦਰ ਸਿੰਘ ਜੱਬਲ) : ਸਰੀ ਸਥਿਤ ਗੁਰਦੁਆਰਾ ਸਾਹਿਬ ਬਰੁੱਕਸਾਈਡ ਦੀ ਸੰਗਤ ਨੇ ਰਲ ਮਿਲ ਕੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਦਿਨ ਐਤਵਾਰ 5 ਅਪ੍ਰੈਲ 2026 ਨੂੰ ਬੜੇ ਹੀ ਚਾਵਾਂ ਨਾਲ ਕੀਤੀ। ਮੌਸਮ ਚੰਗਾ ਹੋਣ ਕਰਕੇ ਸੰਗਤ ਤਕਰੀਬਨ ਇਕ ਘੰਟਾ ਪਹਿਲਾਂ ਹੀ ਨਿਸ਼ਾਨ ਸਾਹਿਬ ਜੀ ਦਾ ਚੋਲਾ ਬਦਲਣ ਲਈ ਇਕੱਤਰ ਹੋਣ ਲੱਗ ਪਈ ਸੀ। ਹਰ ਇਕ ਵਿਚ ਬੜਾ ਉਤਸ਼ਾਹ ਨਜ਼ਰ ਆ ਰਿਹਾ ਸੀ।ਅਰਦਾਸ ਉਪਰੰਤ ਨਿਸ਼ਾਨ ਸਾਹਿਬ ਨੂੰ ਹਾਈਡਰੋਲਿਕ ਨਾਲ ਧਰਤੀ ਤੇ ਨੀਵਿਆਂ ਕਰਨ ਦੀ ਹੀ ਦੇਰ ਸੀ ਕਿ ਸਮੁੱਚੀ ਸੰਗਤ ਪੁਰਾਣਾ ਚੋਲਾ ਓਤਾਰਣ ਵਿਚ ਜੁੱਟ ਗਈ। ਸਾਫ ਸਫਾਈ ਧੋਣ ਧੁਲਾਈ ਉਪਰੰਤ ਸੰਗਤਾਂ ਨੇ ਉਤਸ਼ਾਹ ਨਾਲ ਚਾਈਂ ਚਾਈਂ ਨਵਾਂ ਚੋਲਾ ਚੜ੍ਹਾਉਣ ਦੀ ਸੇਵਾ ਵਿਚ ਰਲ ਮਿਲ ਕੇ ਹੱਥ ਵਟਾਇਆ।ਰਾਗੀ ਜੱਥੇ ਭਾਈ ਇਕਬਾਲ ਸਿੰਘ ਲੁਧਿਆਣੇਵਾਲੇ ਤੇ ਭਾਈ ਸਰਬਜੀਤ ਸਿੰਘ ਰਮਦਾਸਵਾਲੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਦੁਰਾਨ ਕੀਰਤਨ ਨਾਲ ਹਾਜ਼ਿਰ ਸੰਗਤਾਂ ਨੂੰ ਨਿਹਾਲ ਵੀ ਕਰਦੇ ਰਹੇ।ਸੰਗਤ ਵਲੋਂ ਚੋਲਾ ਬਦਲਣ ਦੀ ਸੇਵਾ ਗਿਆਨੀ ਸਤਵਿੰਦਰ ਸਿੰਘ ਜੀ ਵਲੋਂ ਅਰਦਾਸ ਕਰਨ ਬਾਅਦ ਹੀ ਮੁਕੰਮਲ ਹੋਈ।ਅਕਾਲਪੁਰਖ ਜੀ ਦੀ ਮਿਹਰ ਸਦਕੇ ਸਾਰਾ ਸਮਾਂ ਮੌਸਮ ਵੀ ਬੜਾ ਹੀ ਸੁਹਾਵਣਾ ਰਿਹਾ।ਹਾਜ਼ਿਰ ਸੰਗਤਾਂ ਨੇ "ਬੋਲੇ ਸੋ ਨਿਹਾਲ" ਦੇ ਜੈਕਾਰਿਆਂ ਨਾਲ ਚੋਲਾ ਬਦਲਣ ਦੇ ਇਸ ਸਮਾਗਮ ਤੇ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਲੰਗਰ ਛਕ ਕੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ ਤੇ ਖਾਲਸਾ ਸਾਜਨਾ ਦਿਵਸ 14 ਅਪ੍ਰੈਲ ਦਿਨ ਮੰਗਲਵਾਰ ਨੂੰ ਵਧ ਚੜ੍ਹ ਕੇ ਮਨਾਉਣ ਲਈ ਗੁਰਦੁਆਰਾ ਸਾਹਿਬ ਵਿਚ ਆਉਣ ਦੀ ਬੇਨਤੀ ਸਹਿਤ ਉਚੇਚੀ ਪ੍ਰੇਰਨਾ ਵੀ ਕੀਤੀ ਗਈ।

## ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਭੁਪਿੰਦਰ ਸਿੰਘ ਭੋਗਲ ਦਾ ਕੀਤਾ ਗਿਆ ਸਨਮਾਨ



ਸਰੀ, (ਸੁਰਿੰਦਰ ਸਿੰਘ ਜੱਬਲ) ਦੂਰ-ਦਰਸ਼ਨ ਐਨਕਲੇਵ ਫੇਜ਼ ਵੰਨ ਸਥਿਤ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਦੇ ਸਕੱਤਰ ਸ. ਭੁਪਿੰਦਰ ਸਿੰਘ ਭੋਗਲ ਪਿਛਲੇ ਦਿਨੀ ਪਹਿਲੀ ਵਾਰ ਕੈਨੇਡਾ ਆਏ। ਗੁਰਦੁਆਰਾ ਸਾਹਿਬ ਬਰੁੱਕਸਾਈਡ ਦੇ ਗੁਰੂ ਦਰਬਾਰ ਵਿਚ ਨਤਮਸਤਕ ਹੋਣ ਸਮੇਂ 5 ਅਪ੍ਰੈਲ, ਐਤਵਾਰ ਦੇ ਦੀਵਾਨ ਵਿਚ ਪ੍ਰਬੰਧਕ ਕਮੇਟੀ ਵਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।ਭੋਗਲ ਸਾਹਿਬ ਪਿਛਲੇ 20-22 ਸਾਲਾਂ ਤੋਂ ਉਥੋਂ ਦੀ ਸਿੰਘ ਸਭਾ ਸੁਸਾਇਟੀ ਨਾਲ ਜੁੜੇ ਹੋਏ ਹਨ।ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪ੍ਰਬੰਧਕਾਂ ਨੇ ਬੋਰਡ ਰੂਮ ਵਿਚ ਬੈਠ ਕੇ ਇਥੋਂ ਦੀ ਸੁਸਾਇਟੀ ਅਤੇ ਜਲੰਧਰ ਸਥਿਤ ਦੋਹਾਂ ਸੰਸਥਾਵਾਂ ਬਾਰੇ ਹੋਰ ਜਾਣਕਾਰੀ ਵੀ ਸਾਂਝੀ ਕੀਤੀ।

## ਜਾਰਜ ਐਬਟ ਬਣਨਗੇ ਬੀ.ਸੀ. ਟਰੀਟੀ ਕਮਿਸ਼ਨ ਦੇ ਨਵੇਂ ਮੁੱਖ ਕਮਿਸ਼ਨਰ




ਵਿਕਟੋਰੀਆ (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਕੈਬਨਿਟ ਮੰਤਰੀ ਜਾਰਜ ਐਬਟ ਨੂੰ ਬੀ.ਸੀ. ਟਰੀਟੀ ਕਮਿਸ਼ਨ ਦੇ ਅਗਲੇ ਮੁੱਖ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਗਿਆ ਹੈ। ਸੂਬਾ ਸਰਕਾਰ ਅਤੇ ਫਰਸਟ ਨੇਸ਼ਨਜ਼ ਸਮਿਟ ਨੇ ਮੰਗਲਵਾਰ 7 ਅਪ੍ਰੈਲ ਨੂੰ ਇਸ ਨਿਯੁਕਤੀ ਦਾ ਅਧਿਕਾਰਤ ਐਲਾਨ ਕੀਤਾ। ਜਾਰਜ ਐਬਟ ਹੁਣ ਸੇਲੇਸਟ ਹਾਲਡੇਨ ਦੀ ਜਗ੍ਹਾ ਤਿੰਨ ਸਾਲਾਂ ਦੇ ਕਾਰਜਕਾਲ ਲਈ ਮੁੱਖ ਕਮਿਸ਼ਨਰ ਅਤੇ ਸੀ.ਈ.ਓ. ਵਜੋਂ ਆਪਣੀਆਂ ਸੇਵਾਵਾਂ ਨਿਭਾਉਣਗੇ। ਦੱਸਣਯੋਗ ਹੈ ਕਿ ਹਾਲਡੇਨ ਦਾ ਕਾਰਜਕਾਲ ਆਉਣ ਵਾਲੇ ਸ਼ਨੀਵਾਰ 11 ਅਪ੍ਰੈਲ ਨੂੰ ਖਤਮ ਹੋਣ ਜਾ ਰਿਹਾ ਹੈ। ਜਾਰਜ ਐਬਟ ਕੋਲ ਸਿਆਸੀ ਖੇਤਰ ਦਾ ਲੰਬਾ ਤਜ਼ਰਬਾ ਹੈ ਅਤੇ ਉਹ ਲਗਾਤਾਰ 17 ਸਾਲਾਂ ਤੱਕ ਸ਼ੂਸ਼ਵੈਪ ਹਲਕੇ ਤੋਂ ਵਿਧਾਇਕ ਰਹੇ ਹਨ। ਉਨ੍ਹਾਂ ਨੇ ਆਪਣੇ ਸਿਆਸੀ ਸਫ਼ਰ ਦੌਰਾਨ ਆਦਿਵਾਸੀ ਸਬੰਧਾਂ, ਸਿਹਤ ਅਤੇ ਸਿੱਖਿਆ ਵਰਗੇ ਕਈ ਅਹਿਮ ਮੰਤਰਾਲਿਆਂ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਹੈ। ਵਰਤਮਾਨ ਵਿੱਚ ਉਹ ਯੂਨੀਵਰਸਿਟੀ ਆਫ ਵਿਕਟੋਰੀਆ ਵਿੱਚ ਪ੍ਰੋਫੈਸਰ ਵਜੋਂ ਕੰਮ ਕਰ ਰਹੇ ਹਨ। ਹਾਲਾਂਕਿ ਸੂਬਾਈ ਪੱਧਰ 'ਤੇ ਉਨ੍ਹਾਂ ਦੀ ਨਿਯੁਕਤੀ ਨੂੰ ਮਨਜ਼ੂਰੀ ਮਿਲ ਚੁੱਕੀ ਹੈ, ਪਰ ਫੈਡਰਲ ਸਰਕਾਰ ਅਤੇ ਗਵਰਨਰ ਇਨ ਕੌਂਸਲ ਵੱਲੋਂ ਰਸਮੀ ਪ੍ਰਵਾਨਗੀ ਮਿਲਣੀ ਅਜੇ ਬਾਕੀ ਹੈ। This report was written by Ekjot Singh as part of the Local Journalism Initiative.

YOUR NEIGHBOURHOOD LAYER
RISHI LAW CORPORATION
Criminal Law
» Assault Charges
» Drug Charges
» Theft/Fraud
» Uttering Threats
» Driving Offences
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Divorces Probate
All kind of Notary Services
NARINDER RISHI
Barrister, Solicitor & Notary Public
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)

NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।
BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਵੈਨਕੂਵਰ ਵਿਚਾਰ ਮੰਚ ਵੱਲੋਂ ਸ਼ਾਇਰ ਰਵਿੰਦਰ ਸਹਿਰਾਅ ਅਤੇ ਹਰਦਿਆਲ ਸਿੰਘ ਚੀਮਾ ਨਾਲ ਸਾਹਿਤਕ ਮਿਲਣੀ



ਸਰੀ, (ਹਰਦਮ ਮਾਨ)-ਬੀਤੇ ਦਿਨ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵਿਖੇ ਵੈਨਕੂਵਰ ਵਿਚਾਰ ਮੰਚ ਵੱਲੋਂ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਤੋਂ ਆਏ ਨਾਮਵਰ ਸ਼ਾਇਰ ਰਵਿੰਦਰ ਸਹਿਰਾਅ ਅਤੇ ਸਿਆਟਲ ਤੋਂ ਬਹੁਪੱਖੀ ਸਾਹਿਤਕਾਰ ਹਰਦਿਆਲ ਸਿੰਘ ਚੀਮਾ ਦਾ ਨਿੱਘਾ ਸਵਾਗਤ ਕੀਤਾ ਗਿਆ।

ਇਸ ਸਾਹਿਤਕ ਮਿਲਣੀ ਵਿਚ ਹਰਦਿਆਲ ਸਿੰਘ ਚੀਮਾ ਨੇ ਆਪਣੀਆਂ ਸਾਹਿਤਕ ਅਤੇ ਨਿੱਜੀ ਪ੍ਰਾਪਤੀਆਂ ਜ਼ਿਕਰ ਕਰਦਿਆਂ ਆਪਣੀ ਸਵੈ-ਜੀਵਨੀ ਦੇ ਕੁਝ ਅੰਸ਼ਾਂ ਰਾਹੀਂ ਹਾਜ਼ਰੀਨ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਆਪਣੇ ਬਚਪਨ ਦੇ ਸੰਘਰਸ਼ਮਈ ਦਿਨਾਂ, ਕਲਕੱਤਾ ਵਿਖੇ ਕੀਤੀ ਨਿੱਜੀ ਨੌਕਰੀ ਅਤੇ ਬਾਅਦ ਵਿੱਚ ਇੰਡੀਅਨ ਏਅਰਲਾਈਨਜ਼ ਵਿੱਚ ਨਿਭਾਈਆਂ ਲੰਬੀਆਂ ਸਰਕਾਰੀ ਸੇਵਾਵਾਂ ਦੇ ਤਜਰਬਿਆਂ ਨੂੰ ਵਿਸਥਾਰ ਨਾਲ ਸਾਂਝਾ ਕੀਤਾ। ਇਸੇ ਲੜੀ ਵਿੱਚ ਸਰੀ ਦੇ ਵਸਨੀਕ ਅਤੇ ਇੰਡੀਅਨ ਏਅਰ ਫੋਰਸ ਤੋਂ ਸੇਵਾ ਮੁਕਤ ਅਧਿਕਾਰੀ ਰਣਜੀਤ ਸਿੰਘ ਚੀਮਾ ਨੇ ਆਪਣੀ ਜ਼ਿੰਦਗੀ ਦੇ ਅਹਿਮ ਪੜਾਵਾਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਆਪਣੇ ਸਕੂਲੀ ਜੀਵਨ ਦੇ ਕਿੱਸੇ, ਏਅਰ ਫੋਰਸ ਵਿੱਚ ਭਰਤੀ ਹੋਣ ਦੀ ਪ੍ਰੇਰਨਾਦਾਇਕ ਕਹਾਣੀ ਅਤੇ ਫੌਜੀ ਸੇਵਾ ਦੌਰਾਨ ਵਾਪਰੇ ਯਾਦਗਾਰੀ ਪਲ ਸਾਂਝਾ ਕਰਦਿਆਂ ਮਹਿਫਲ ਵਿੱਚ ਰੰਗ ਬੰਨ੍ਹ ਦਿੱਤਾ।

ਸਮਾਗਮ ਦੇ ਦੂਜੇ ਪੜਾਅ ਵਿੱਚ ਸ਼ਾਇਰ ਰਵਿੰਦਰ ਸਹਿਰਾਅ ਨੇ ਆਪਣੀ ਸਾਹਿਤਕ ਯਾਤਰਾ ਬਾਰੇ ਚਰਚਾ ਕਰਦਿਆਂ ਆਪਣੀਆਂ ਚਰਚਿਤ ਪੁਸਤਕਾਂ 'ਲਾਹੌਰ ਨਾਲ ਗੱਲਾਂ' ਅਤੇ 'ਸੁਰਖ਼ ਰਾਹਾਂ ਦੇ ਹਮਸਫ਼ਰ' ਦੇ ਵੱਖ-ਵੱਖ ਪਹਿਲੂਆਂ 'ਤੇ ਰੋਸ਼ਨੀ ਪਾਈ। ਇਸ ਦੌਰਾਨ ਮੋਹਨ ਗਿੱਲ ਨੇ ਹਾਲ ਹੀ ਵਿੱਚ ਕੀਤੇ ਆਪਣੇ ਪੰਜਾਬ ਦੌਰੇ ਦੇ ਤਜਰਬੇ ਅਤੇ ਉਥੋਂ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਵਿਚਾਰ ਪੇਸ਼ ਕੀਤੇ। ਇਸ ਮਿਲਣੀ ਵਿੱਚ ਅੰਗਰੇਜ਼ ਸਿੰਘ ਬਰਾੜ, ਗੁਰਮੇਲ ਸਿੰਘ ਰਾਏ ਅਤੇ ਹਰਦਮ ਸਿੰਘ ਮਾਨ ਸਮੇਤ ਕਈ ਹੋਰ ਸਾਹਿਤ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਵੈਨਕੂਵਰ ਵਿਚਾਰ ਮੰਚ ਵੱਲੋਂ ਅੰਗਰੇਜ਼ ਸਿੰਘ ਬਰਾੜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਇਸ ਮਿਲਣੀ ਨੂੰ ਸਾਹਿਤਕ ਸਾਂਝ ਮਜ਼ਬੂਤ ਕਰਨ ਵਾਲਾ ਉਪਰਾਲਾ ਦੱਸਿਆ।

# ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋਏ ਸਰੀ ਕ੍ਰਿਸਚੀਅਨ ਸਕੂਲ ਦੇ ਵਿਦਿਆਰਥੀ







ਸਰੀ, (ਸੁਰਿੰਦਰ ਸਿੰਘ ਜੱਬਲ): "ਸਰੀ ਕਰਿਸਚੀਅਨ ਸਕੂਲ" ਦੇ ਵਿਦਿਆਰਥੀ ਆਪਣੇ ਅਧਿਆਪਕ ਕਾਰਲੋਸ ਐਲਵੈਰੋ ਨਾਲ ਪਹਿਲੀ ਅਪ੍ਰੈਲ ਦਿਨ ਬੁੱਧਵਾਰ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਨਤਮਸਤਕ ਹੋਏ।ਗੁਰਦੁਆਰਾ ਸਾਹਿਬ ਅੰਦਰ ਜਾਣ ਦੀ ਮਰਿਆਦਾ ਅਨੁਸਾਰ ਸਿਰ ਢਕਣ ਉਪਰੰਤ ਸਾਰੇ ਹੀ ਵਿਦਿਆਰਥੀ ਉਪਰ ਤੀਸਰੀ ਮੰਜ਼ਿਲ ਤੇ ਗੈਲਰੀ ਹਾਲ ਵਿਚ ਪਹੁੰਚੇ ਜਿਥੇ ਕਿ ਉਹਨਾਂ ਨੂੰ ਸਿੱਖ ਧਰਮ ਸਿੱਖ ਇਤਿਹਾਸ ਅਤੇ ਕੈਨੇਡਾ ਵਿਚ ਵਸ ਰਹੀ ਸਿੱਖ ਵਸੋਂ ਦੇ ਨਾਲ ਨਾਲ ਪੰਜਾਬੀ ਬੋਲੀ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ।ਗੁਰਦੁਆਰਾ ਸਾਹਿਬ ਬਾਰੇ ਜਾਣਕਾਰੀ ਭਰਪੂਰ ਲਿਟਰੇਚਰ ਵੀ ਦਿੱਤਾ ਗਿਆ। ਸਾਰੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਤੇ ਰੀਝ ਨਾਲ ਉਤਸੁਕ ਹੋ ਕੇ ਸਿੱਖ ਧਰਮ ਵਿਚ ਸਾਂਝੀਵਾਲਤਾ, ਵਿਤਕਰਾ ਰਹਿਤ ਸਾਂਝਾ ਲੰਗਰ, ਖੰਡਾ ਅਤੇ ਦੇਗ ਤੇਗ ਫਤਹਿ ਸਿਧਾਂਤ ਨੂੰ ਸੁਣਿਆ। ਗੁਰਦੁਆਰਾ ਸਾਹਿਬ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਪਿਛੋਂ ਸਾਰੇ ਵਿਦਿਅਰਥੀਆਂ ਨੇ ਦਰਬਾਰ ਹਾਲ ਵਿਚ ਹਾਜ਼ਰੀ ਭਰੀ ਤੇ ਅੰਤ ਵਿਚ ਲੰਗਰ ਛਕ ਕੇ ਸਕੂਲ ਨੂੰ ਵਾਪਿਸ ਰਵਾਨਾ ਹੋਏ।

# ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਾਲਾਨਾ ਸਮਾਗਮ, ਹਰਚੰਦ ਸਿੰਘ ਬਾਗੜੀ 'ਸਰਵੋਤਮ ਸਾਹਿਤਕਾਰ ਅਵਾਰਡ-2026' ਨਾਲ ਸਨਮਾਨਿਤ






ਸਰੀ, (ਹਰਦਮ ਮਾਨ): ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਬੀਤੇ ਦਿਨੀਂ ਸਥਾਨਕ ਸ਼ਾਹੀ ਕੇਟਰਿੰਗ ਵਿਖੇ ਇੱਕ ਪ੍ਰਭਾਵਸ਼ਾਲੀ ਸਾਲਾਨਾ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਮੁੱਖ ਆਕਰਸ਼ਣ ਉੱਘੇ ਸਾਹਿਤਕਾਰ ਹਰਚੰਦ ਸਿੰਘ ਬਾਗੜੀ ਨੂੰ 'ਸਾਲ 2026 ਦੇ ਸਰਵੋਤਮ ਸਾਹਿਤਕਾਰ ਅਵਾਰਡ' ਨਾਲ ਸਨਮਾਨਿਤ ਕਰਨਾ ਰਿਹਾ। ਸਮਾਗਮ ਵਿੱਚ ਸਰੀ, ਵੈਨਕੂਵਰ ਅਤੇ ਕੋਕੁਟਲਮ ਤੋਂ ਵੱਡੀ ਗਿਣਤੀ ਵਿੱਚ ਸਾਹਿਤਕਾਰਾਂ, ਲੇਖਕਾਂ ਅਤੇ ਨਾਮਵਰ ਕਾਰੋਬਾਰੀਆਂ ਨੇ ਸ਼ਿਰਕਤ ਕੀਤੀ।

ਸਮਾਗਮ ਦੀ ਸ਼ੁਰੂਆਤ ਸਭਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ ਦੇ ਸਵਾਗਤੀ ਭਾਸ਼ਣ ਨਾਲ ਹੋਈ। ਇਸ ਉਪਰੰਤ ਵੱਖ-ਵੱਖ ਬੁਲਾਰਿਆਂ ਨੇ ਹਰਚੰਦ ਸਿੰਘ ਬਾਗੜੀ ਦੀ ਪੰਜਾਬੀ ਸਾਹਿਤ ਨੂੰ ਦਿੱਤੀ ਅਮੁੱਲ ਦੇਣ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਸ੍ਰੀ ਬਾਗੜੀ ਨੇ ਆਪਣੀ ਕਲਮ ਰਾਹੀਂ ਸਮਾਜਿਕ ਸਰੋਕਾਰਾਂ ਅਤੇ ਪੰਜਾਬੀ ਸਭਿਆਚਾਰ ਨੂੰ ਬਾਖੂਬੀ ਪੇਸ਼ ਕੀਤਾ ਹੈ। ਬੁਲਾਰਿਆਂ ਨੇ ਇਸ ਵੱਕਾਰੀ ਸਨਮਾਨ ਲਈ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਇੱਕ ਬਹੁਤ ਹੀ ਸੁਚੱਜੀ ਚੋਣ ਹੈ। ਸਭਾ ਵੱਲੋਂ ਸਨਮਾਨ ਕਰਨ ਦੀ ਰਸਮ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਮੀਤ ਪ੍ਰਧਾਨ ਸੁਰਜੀਤ ਮਾਧੋਪੁਰੀ, ਜਨਰਲ ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਪ੍ਰੋ. ਕਸ਼ਮੀਰਾ ਸਿੰਘ, ਸੁੱਖੀ ਬਾਠ, ਕਵਿੰਦਰ ਚਾਂਦ, ਮੋਤਾ ਸਿੰਘ ਝੀਤਾ, ਅਵਤਾਰ ਸਿੰਘ ਢਿੱਲੋਂ, ਗੈਰੀ ਬਿੰਦ ਨੇ ਅਦਾ ਕੀਤੀ। ਸਨਮਾਨ ਪ੍ਰਾਪਤ ਕਰਨ ਉਪਰੰਤ ਹਰਚੰਦ ਸਿੰਘ ਬਾਗੜੀ ਨੇ ਆਪਣੇ ਸਾਹਿਤਕ ਸਫਰ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਆਪਣੀਆਂ ਚਰਚਿਤ ਕਵਿਤਾਵਾਂ ਪੇਸ਼ ਕਰਕੇ ਹਾਜ਼ਰੀਨ ਤੋਂ ਵਾਹ-ਵਾਹ ਖੱਟੀ। ਉਨ੍ਹਾਂ ਇਸ ਮਾਣ-ਸਨਮਾਨ ਲਈ ਸਭਾ ਦੀ ਟੀਮ ਅਤੇ ਸਮੂਹ ਬੁਲਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮਾਗਮ ਦੌਰਾਨ ਕੇਂਦਰੀ ਸਭਾ ਵੱਲੋਂ ਸਾਹਿਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਯੋਗਦਾਨ ਪਾਉਣ ਵਾਲੀਆਂ ਉੱਘੀਆਂ ਸ਼ਖ਼ਸੀਅਤਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ, ਜਿਨ੍ਹਾਂ ਵਿੱਚ 'ਦੇਸ਼ ਪ੍ਰਦੇਸ਼ ਟਾਈਮ' ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ, ਹਰਦਮ ਸਿੰਘ ਮਾਨ, ਸਾਹਿਤਕਾਰ ਜਸਵੀਰ ਭਲੂਰੀਆ, ਪੱਤਰਕਾਰ ਕੁਲਵੰਤ ਸਰੋਤਾ ਅਤੇ ਸੀਨੀਅਰ ਸਿਟੀਜ਼ਨ ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਸ਼ਾਮਲ ਸਨ।

ਸਮਾਗਮ ਦੇ ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ ਨੇ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਅੰਤਰ ਪੰਮਾ, ਛਿੰਦਰ ਪੁਰੇਵਾਲ, ਦਰਸ਼ਨ ਸੰਘਾ, ਬਲਵੀਰ ਸਿੰਘ ਸੰਘਾ, ਅਮਰਜੀਤ ਸਿੰਘ ਸਿੱਧੂ, ਕੇਸਰ ਸਿੰਘ ਕੂਨਰ, ਦਵਿੰਦਰ ਕੌਰ ਜੌਹਲ, ਰਾਜਵੰਤ ਚਿਲਾਣਾ, ਰਾਜਵੰਤ ਰਾਜ, ਕੁਲਵੰਤ ਸਰੋਤਾ, ਵੀਤ ਬਾਦਸ਼ਾਹਪੁਰੀ ਅਤੇ ਸੁਖਪ੍ਰੀਤ ਦੌਲਤ ਸਮੇਤ ਕਈ ਪਤਵੰਤੇ ਸੱਜਣ ਹਾਜ਼ਰ ਸਨ। ਸਮਾਗਮ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ।

ਖਾਲਸਾ ਸਾਜਨਾ ਦਿਵਸ


# ਵਿਸਾਖੀ


ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

# ATLAS ANIMAL HOSPITAL



Dogs & Puppies


Cat & Kittens


Senior Pets


Rabbits


Ferrets


Hamsters


We are Open 24/7


## Full Service Animal Hospital

- Clinical Pathology
- Vaccination & Check Up
- Radiology (X-Ray)
- Spaying & Neutering
- Digital X-Ray Machine
- Surgery & Dentistry
- Pet Foods & Supplies
- Diagnostic Medicine

We Offer Laser Services

ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।




Dr. Hakam Bhullar

604-301-0300 5696 Fraser Street @ 41st AVE Vancouver V5W 2Z4

www.atlasvet.ca

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ ਅਮਰਜੀਤ ਕੌਰ ਪੰਨੂੰ ਦੇ ਕਹਾਣੀ ਸੰਗ੍ਰਹਿ ‘ਸੁੱਚਾ ਗੁਲਾਬ’ ’ਤੇ ਸਾਰਥਕ ਵਿਚਾਰ-ਚਰਚਾ



ਹੇਵਰਡ, (ਹਰਦਮ ਮਾਨ): ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵੱਲੋਂ ਪ੍ਰਸਿੱਧ ਸ਼ਾਇਰ ਅਤੇ ਕਲਾ ਸਕੱਤਰ ਸੁਖਦੇਵ ਸਾਹਿਲ ਦੇ ਨਵੇਂ ਗ੍ਰਹਿ ਵਿਖੇ ਇੱਕ ਵਿਸ਼ੇਸ਼ ਸਾਹਿਤਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਮੁੱਖ ਕੇਂਦਰ ਅਮਰਜੀਤ ਕੌਰ ਪੰਨੂੰ ਦਾ ਕਹਾਣੀ ਸੰਗ੍ਰਹਿ ‘ਸੁੱਚਾ ਗੁਲਾਬ’ ਰਿਹਾ, ਜਿਸ ’ਤੇ ਡੂੰਘੀ ਸਾਹਿਤਕ ਚਰਚਾ ਕੀਤੀ ਗਈ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਸਭ ਨੂੰ ਜੀਅ ਆਇਆਂ ਕਿਹਾ। ਇਸ ਮੌਕੇ ਸਾਹਿਤਕ ਜਗਤ ਦੀਆਂ ਦੋ ਪ੍ਰਮੁੱਖ ਹਸਤੀਆਂ ਕਹਾਣੀਕਾਰ ਲਾਲ ਸਿੰਘ ਦਸੂਹਾ ਅਤੇ ਮੰਗਾ ਬਾਸੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਕੁਲਵਿੰਦਰ ਨੇ ਮਰਹੂਮ ਸ਼ਾਇਰ ਡਾ. ਜਗਤਾਰ ਦੀ ਬਰਸੀ ’ਤੇ ਉਨ੍ਹਾਂ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਦੇ ਕਲਾਮ ਰਾਹੀਂ ਮਾਹੌਲ ਨੂੰ ਭਾਵੁਕ ਬਣਾਇਆ। ਸੁਖਦੇਵ ਸਾਹਿਲ ਨੇ ਆਪਣੀ ਰੂਹਾਨੀ ਗਾਇਕੀ ਨਾਲ ਮਹਿਫਲ ਵਿੱਚ ਸਹਿਜਤਾ ਭਰ ਦਿੱਤੀ।

ਜਨਰਲ ਸਕੱਤਰ ਜਗਜੀਤ ਨੌਸ਼ਿਹਰਵੀ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦੇ ਹੋਏ ਅਮਰਜੀਤ ਕੌਰ ਪੰਨੂੰ, ਜਸਵੀਰ ਸਿੰਘ ਧੀਮਾਨ, ਡਾ. ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਨੂੰ ਮੰਚ ’ਤੇ ਸ਼ੁਸ਼ੋਭਿਤ ਕੀਤਾ। ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਮੁੱਖ ਪਰਚਾ ਪੜ੍ਹਦਿਆਂ ਕਿਹਾ ਕਿ ‘ਸੁੱਚਾ ਗੁਲਾਬ’ ਦੀਆਂ ਕਹਾਣੀਆਂ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਆਦਰਸ਼ਕ ਪ੍ਰਤੀਮਾਨਾਂ ਨਾਲ ਜੋੜਨ ਦਾ ਉਪਰਾਲਾ ਹਨ। ਉਨ੍ਹਾਂ ਨੇ ਕਹਾਣੀਕਾਰ ਦੀ ਸ਼ੈਲੀ ਦੀ ਪ੍ਰਸ਼ੰਸਾ ਕਰਦਿਆਂ ਕੁਝ ਸੁਝਾਅ ਵੀ ਦਿੱਤੇ, ਜਿਵੇਂ ਕਿ ਕਹਾਣੀਆਂ ਵਿੱਚ ਵੇਰਵਿਆਂ ਦੀ ਵਧੇਰੇ ਲੋੜ ਅਤੇ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼, ਤਾਂ ਜੋ ਪਾਠਕਾਂ ਲਈ ਸਮਝਣਾ ਹੋਰ ਆਸਾਨ ਹੋ ਸਕੇ।

ਕੁਲਵਿੰਦਰ ਨੇ ‘ਵੰਡਰ ਵੁਮੈਨ’ ਕਹਾਣੀ ਦੀ ਨਵੀਨਤਾ ਨੂੰ ਉਭਾਰਿਆ, ਜਦਕਿ ਸੁਰਜੀਤ ਸਖੀ ਅਤੇ ਪ੍ਰੋ. ਸੁਖਦੇਵ ਨੇ ‘ਤੇਰਵੀਂ ਸੰਤਾਨ’ ਕਹਾਣੀ ਨੂੰ ਵਿਸ਼ੇਸ਼ ਤੌਰ ’ਤੇ ਸਰਾਹਿਆ। ਲਾਜ ਨੀਲਮ ਸੈਣੀ ਨੇ ਪੰਨੂੰ ਦੀਆਂ ਲਿਖਤਾਂ ਨੂੰ ਮਾਨਵਵਾਦੀ ਦ੍ਰਿਸ਼ਟੀਕੋਣ ਵਾਲੀਆਂ ਦੱਸਿਆ। ਡਾ. ਸੁਖਵਿੰਦਰ ਕੰਬੋਜ ਨੇ ਲੇਖਿਕਾ ਦੀ ਕਲਮ ਦੀ ਤਾਰੀਫ਼ ਕਰਦਿਆਂ ਕਿਹਾ ਕਿ ਸਾਹਿਤਕ ਸਫ਼ਰ ਵਿੱਚ ਨਿਰੰਤਰ ਸੁਧਾਰ ਦੀ ਗੁੰਜਾਇਸ਼ ਹਮੇਸ਼ਾ ਬਣੀ ਰਹਿੰਦੀ ਹੈ।

ਅਮਰਜੀਤ ਕੌਰ ਪੰਨੂੰ ਨੇ ਆਪਣੇ ਲੇਖਨ ਸਫ਼ਰ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਪੇਸ਼ੇ ਵਜੋਂ ਵਿਗਿਆਨੀ ਹੋਣ ਦੇ ਬਾਵਜੂਦ, ਅਮਰੀਕਾ ਵਿੱਚ ਰਹਿੰਦਿਆਂ ਉਨ੍ਹਾਂ ਦੇ ਅੰਦਰਲੇ ਸਾਹਿਤਕਾਰ ਨੇ ਜਨਮ ਲਿਆ। ਉਨ੍ਹਾਂ ਕਿਹਾ, “ਜਦੋਂ ਮੇਰੇ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਅਤੇ ਮੇਰਾ ਨਿੱਜ ਆਪਸ ਵਿੱਚ ਟਕਰਾਉਣ ਲੱਗੇ, ਤਾਂ ਕਹਾਣੀਆਂ ਦਾ ਜਨਮ ਹੋਇਆ।” ਉਨ੍ਹਾਂ ਪਾਠਕਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਸਪੱਸ਼ਟ ਕੀਤਾ ਕਿ ਉਹ ਪਾਤਰਾਂ ਨੂੰ ਜੀਵੰਤ ਬਣਾਉਣ ਲਈ ਖੁਦ ਨੂੰ ਉਨ੍ਹਾਂ ਵਿੱਚ ਢਾਲ ਲੈਂਦੀ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਦਾ ਇੱਕ ਅੰਗਰੇਜ਼ੀ ਨਾਵਲ ਵੀ ਪਾਠਕਾਂ ਵਿੱਚ ਕਾਫੀ ਚਰਚਿਤ ਰਿਹਾ ਹੈ।

ਸਮਾਗਮ ਦੇ ਦੂਜੇ ਪੜਾਅ ਵਿੱਚ ਪ੍ਰਿੰਸੀਪਲ ਹਰਨੇਕ ਸਿੰਘ ਨੇ ਆਪਣੀ ਮਿੰਨੀ ਕਹਾਣੀ ਪੇਸ਼ ਕੀਤੀ। ਕਵੀ ਦਰਬਾਰ ਵਿੱਚ ਡਾ. ਸੁਖਵਿੰਦਰ ਕੰਬੋਜ, ਅਮਰਜੀਤ ਸਿੰਘ ਜੌਹਲ, ਜਸਵੀਰ ਸਿੰਘ ਧੀਮਾਨ, ਸੁਰਜੀਤ ਸਖੀ ਅਤੇ ਕੁਲਵਿੰਦਰ ਨੇ ਆਪਣੀ ਸ਼ਾਇਰੀ ਨਾਲ ਰੰਗ ਬੰਨ੍ਹਿਆ। ਵਿਜੇ ਸਿੰਘ ਨੇ ਕਾਮੇਡੀ ਨਾਲ ਹਾਸਿਆਂ ਦੀ ਫੁਹਾਰ ਛੱਡੀ ਅਤੇ ਸੁਖਦੇਵ ਸਾਹਿਲ ਨੇ ਸੰਗੀਤਕ ਮਹਿਫਲ ਨਾਲ ਸਮਾਗਮ ਨੂੰ ਯਾਦਗਾਰੀ ਬਣਾਇਆ।

ਇਸ ਮੌਕੇ ਵਿਪਸਾਅ ਵੱਲੋਂ ਅਮਰਜੀਤ ਕੌਰ ਪੰਨੂੰ ਨੂੰ ਵਿਸ਼ੇਸ਼ ਸ਼ਾਲ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਮੇਜ਼ਬਾਨ ਸਾਹਿਲ ਪਰਿਵਾਰ ਦਾ ਧੰਨਵਾਦ ਕਰਦਿਆਂ ਸਮਾਗਮ ਦੀ ਸਫਲ ਸਮਾਪਤੀ ਹੋਈ। ਇਸ ਮੌਕੇ ਸੁਖਵਿੰਦਰ ਕੌਰ, ਸੋਨੂੰ ਸਾਹਿਲ, ਪੰਕਜ, ਅਵਤਾਰ ਸਿੰਘ ਸੰਧੂ, ਪਰਮਪਾਲ ਸਿੰਘ, ਸੁਰਿੰਦਰ ਕੌਰ, ਸੰਦੀਪ ਕੌਰ, ਧਰਮਿੰਦਰ ਸਿੰਘ, ਜੋਤੀ, ਲਖਵੀਰ ਸਿੰਘ, ਰਵਿੰਦਰ ਕੌਰ, ਐਮ.ਪੀ. ਸਿੰਘ, ਮਨਜੀਤ ਕੌਰ, ਬਰਜਿੰਦਰ ਸਿੰਘ, ਅਨੂਸ਼ਾ ਅਤੇ ਅਭੀਤਾਬ ਸੈਣੀ ਸਮੇਤ ਕਈ ਸਾਹਿਤ ਪ੍ਰੇਮੀ ਹਾਜ਼ਰ ਸਨ।


UNIVERSAL FINGERPRINTING SERVICE

RCMP Criminal Record Check Fingerprints for:

*Permanent Residence
*Canadian Citizenship
*Security License
*Employment
*Name Change
*Privacy Act Request
*Visa/Border Crossing/
*Foreign Travel/Work
*Vulnerable Sector Checks
*US Entry Waiver
*Record Suspension Application
*FBI Fingerprints
*Digitize the ink fingerprints
*Ink Fingerprints
*Name Based Record Checks

•ਪਰਮਾਨੈਂਟ ਰੈਜ਼ੀਡੈਂਸ
•ਕਨੇਡੀਅਨ ਸਿਟੀਜਨਸ਼ਿਪ
•ਸਕਿਓਰਟੀ ਲਾਇਸੈਂਸ •ਇੰਪਲਾਇਮੈਂਟ
•ਨਾਮ ਬਦਲੀ •ਪ੍ਰਾਈਵੇਸੀ ਐਕਟ ਰਿਕੁਐਸਟ
•ਵਲਨਰਏਬਲ ਸੈਕਟਰ ਚੈਕਸ
•ਯੂ ਐਸ ਐਂਟਰੀ ਵੇਵਰ
•ਵੀਜ਼ਾ/ਬਾਰਡਰ ਕਰਾਸਿੰਗ/ਫੌਰਨ ਟਰੈਵਲ/ਕੰਮ
•ਰਿਕਾਰਡ ਸਸਪੈਂਸ਼ਨ ਐਪਲੀਕੇਸ਼ਨ
•ਐਫ ਬੀ ਆਈ ਫਿੰਗਰਪ੍ਰਿੰਟ
•ਡਿਜੀਟਲ ਦਾ ਇੰਕ ਫਿੰਗਰਪ੍ਰਿੰਟਸ
•ਇੰਕ ਫਿੰਗਰਪ੍ਰਿੰਟਸ
•ਨਾਮ ਬੇਸਡ ਰਿਕਾਰਡ ਚੈੱਕ

EAST WEST IMMIGRATION SERVICES INC.

*INDIA VISA *India E Visa, UK & Schengen Visa
*Entry Visa Application for 1 year & 5 years
*Overseas Citizenship of India Application (OCI)
*ਇੰਡੀਅਨ ਵੀਜ਼ਾ *ਇੰਡੀਅਨ ਈ-ਵੀਜ਼ਾ *ਯੂਕੇ & Schengen ਵੀਜ਼ਾ
*ਐਂਟਰੀ ਵੀਜ਼ਾ ਐਪਲੀਕੇਸ਼ਨ (1 ਸਾਲ ਅਤੇ 5 ਸਾਲ)
*ਓਵਰਸੀਜ਼ ਸਿਟੀਜਨਸ਼ਿਪ ਆਫ ਇੰਡੀਆ (ਓਸੀਆਈ)

*Indian PCC
*Indian Passport Renewal
*OCI Applications
*Visitor Visa Application
*Canadian Citizenship Application
*US Visa Application
*PR card renewal Application
*BC-Name Change Application

•ਇੰਡੀਅਨ ਪੀ ਸੀ ਸੀ
•ਇੰਡੀਅਨ ਪਾਸਪੋਰਟ ਰੀਨਿਊ
•ਓ ਸੀ ਆਈ ਐਪਲੀਕੇਸ਼ਨਜ
•ਵਿਜਟਰ ਵੀਜ਼ਾ ਐਪਲੀਕੇਸ਼ਨ
•ਕਨੇਡੀਅਨ ਸਿਟੀਜਨਸ਼ਿਪ ਐਪਲੀਕੇਸ਼ਨ
•ਯੂ ਐਸ ਵੀਜ਼ਾ ਐਪਲੀਕੇਸ਼ਨ
•ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ
•ਬੀ ਸੀ ਨਾਮ ਚੇਂਜ ਐਪਲੀਕੇਸ਼ਨ

Parminder Kindhra

PH : 604-503-8898

#303-(3rd floor) 8318-120St, Surrey Email:office@universalfingerprinting.com

OPEN 7 DAYS A WEEK

# ‘ਗੁਰੂ ਦੇ ਸਿੱਖ’ ਤੋਂ ‘ਅਕਾਲ ਪੁਰਖ ਦੇ ਖ਼ਾਲਸੇ’ ਤੱਕ ਦਾ ਸਫ਼ਰ

## ਕੈਨੇਡਾ ਵਿੱਚ ਅਪ੍ਰੈਲ ਨੂੰ ‘ਸਿੱਖ ਵਿਰਾਸਤੀ ਮਹੀਨੇ’ ਵਜੋਂ ਮਾਨਤਾ



ਡਾ. ਗੁਰਵਿੰਦਰ ਸਿੰਘ
604 825 1550







ਕੈਨੇਡਾ ਵਿੱਚ ਅਪ੍ਰੈਲ ਨੂੰ ‘ਸਿੱਖ ਵਿਰਾਸਤੀ ਮਹੀਨੇ’ ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਅਪ੍ਰੈਲ ਮਹੀਨੇ ਦੌਰਾਨ ਸਿੱਖ ਵਿਸ਼ੇਸ਼ ਕਰ ਕੇ ਆਪਣੇ ਵਿਰਸੇ, ਇਤਿਹਾਸ, ਸੱਭਿਆਚਾਰ ਅਤੇ ਪ੍ਰਾਪਤੀਆਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇ ਸਕਦੇ ਹਨ। ਵਾਸਤਵ ਵਿੱਚ ਖਾਲਸਾ ਦਿਹਾੜਾ ਅਪ੍ਰੈਲ ਵਿੱਚ ਆਉਣ ਕਾਰਨ, ਇਹ ਮਹੀਨਾ ‘ਸਿੱਖ ਹੈਰੀਟੇਜ ਮਹੀਨੇ’ ਵਜੋਂ ਐਲਾਨਿਆ ਗਿਆ ਹੈ। ਇਤਿਹਾਸਿਕ ਤੌਰ ਤੇ ਵਿਚਾਰਿਆ ਜਾਏ ਤਾਂ ਖਾਲਸਾ ਦਿਹਾੜਾ ਸਿੱਖੀ ਦਾ ਉਹ ਮਹਾਨ ਇਤਿਹਾਸਕ ਦਿਹਾੜਾ ਹੈ, ਜਦੋਂ ਦਸਵੇਂ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾਇਆ ਅਤੇ ਅਤੇ ਗੁਰੂ ਦੇ ਖਾਲਸੇ ਨੂੰ ‘ਅਕਾਲ ਪੁਰਖ ਦਾ ਖਾਲਸਾ’ ਕਰਾਰ ਦਿੱਤਾ। ‘ਸ਼ਬਦ’ ਗੁਰੂ ‘ਸੁਰਤ’ ਚੇਲਾ, ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ, ਜ਼ੁਲਮ ਖਿਲਾਫ ਡਟਣਾ, ਸੱਚ ਤੇ ਪਹਿਰਾ ਦੇਣਾ, ਜਾਤ-ਪਾਤ, ਰੰਗ-ਨਸਲ ਵੰਸ਼-ਕੁਲ ਆਦਿ ਜਿਹੇ ਵਿਤਕਰਿਆਂ ਦੇ ਨੂੰ ਖਤਮ ਕਰਨਾ ਆਦਿ ਮਹਾਨ ਕਾਰਜਾਂ ਦਾ ਮੁੱਢ, ਸਿੱਖੀ ਦਾ ਬੂਟਾ ਲਾਉਂਦਿਆਂ ਗੁਰੂ ਨਾਨਕ ਸਾਹਿਬ ਨੇ ਬੰਨ ਦਿੱਤਾ ਸੀ, ਜਿਸ ਨੂੰ 9 ਗੁਰੂ ਸਾਹਿਬਾਨਾਂ ਨੇ ਪਰਚਾਰਿਆ ਅਤੇ ਪ੍ਰਸਾਰਿਆ।

ਦਰਅਸਲ ਵਿਸਾਖੀ ਭਾਵ ਪਹਿਲੀ ਵਿਸਾਖ ਦੇ ਇਤਿਹਾਸਿਕ ਪ੍ਰਸੰਗ ਗੁਰੂ ਨਾਨਕ ਸਾਹਿਬ ਦੇ ਆਗਮਨ ਪੁਰਬ ਅਤੇ ਖਾਲਸਾ ਦਿਹਾੜੇ ਦੋਹਾਂ ਨੂੰ ਸਮਰਪਿਤ ਹਨ। ‘ਖ਼ਾਲਸਾ’ ਦਿਹਾੜੇ ਦੇ ਨਾਲ-ਨਾਲ ਇਸ ਮੁਬਾਰਕ ਦਿਹਾੜੇ ਨੂੰ ਗੁਰੂ ਨਾਨਕ ਸਾਹਿਬ ਦੇ ‘ਪ੍ਰਕਾਸ਼ ਦਿਹਾੜੇ’ ਵਜੋਂ ਮਾਨਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਿਸਾਖ 1699 ਨੂੰ ਖ਼ਾਲਸਾ ਦਿਹਾੜੇ ਵਜੋਂ ਤਾਂ ਹੀ ਚੁਣਿਆ ਸੀ, ਕਿਉਂਕਿ ਇਸ ਪਵਿੱਤਰ ਦਿਹਾੜੇ ‘ਤੇ ਪਹਿਲੀ ਵਿਸਾਖ 1469 ਈਸਵੀ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ। ਪੁਰਾਤਨ ਇਤਿਹਾਸਿਕ ਸਰੋਤਾਂ ਤੋਂ ਇਲਾਵਾ, ਇਸ ਦੀ ਵਧੇਰੇ ਜਾਣਕਾਰੀ ਕਰਮ ਸਿੰਘ ਹਿਸਟੋਰੀਅਨ ਦੀ ਕਿਤਾਬ ‘ਕੱਤਕ ਕਿ ਵਿਸਾਖ’ ‘ਚੋਂ ਮਿਲਦੀ ਹੈ, ਜਦ ਕਿ ਤਕਰੀਬਨ ਸਾਰੀਆਂ ਹੀ ਪਾਠ-ਪੁਸਤਕਾਂ ਵਿੱਚ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਪਹਿਲੀ ਵਿਸਾਖ 1469 ਨੂੰ ਹੀ ਮਿਲਦਾ ਹੈ, ਹਾਲਾਂ ਕਿ ਪ੍ਰਕਾਸ਼ ਦਿਹਾੜਾ ਮਨਾਉਣ ਦੀ ਪਰੰਪਰਾ ਕੱਤਕ ਦੀ ਪੂਰਨਮਾਸ਼ੀ ਨੂੰ ਪ੍ਰਚਲਿਤ ਹੈ। ਇਹ ਵੱਖਰੇ ਰੂਪ ਵਿੱਚ ਸੰਜੀਦਾ ਅਤੇ ਗਹਿਰੇ ਵਿਚਾਰ ਦਾ ਵਿਸ਼ਾ ਹੈ।

ਸਿੱਖੀ ਦੀ ਨੀਂਹ ਪਹਿਲੇ ਸਤਿਗੁਰੂ ਨਾਨਕ ਸਾਹਿਬ ਨੇ ਰੱਖਦਿਆਂ, ਨਿਰਮਲ ਪੰਥ ਚਲਾਇਆ, ਜਿਸ ਬਾਰੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ। ਸਿੱਖੀ ਨੂੰ ਦਸ ਜੁਗਿਆਸੂ ਹੋ ਨਿਬੜਦਾ ਹੈ।

ਇਸੇ ਤਰੀਕੇ ਨਾਲ ਸਧਾਰਨ ਰੂਪ ਵਿੱਚ ‘ਗੁਰੂ’ ਸ਼ਬਦ ਦਾ ਅਰਥ ਹੈ ਹਨੇਰਾ ਦੂਰ ਕਰਨ ਵਾਲਾ। ਆਮ ਕਰਕੇ ਅਧਿਆਪਕ ਜਾਂ ਉਸਤਾਦ ਨੂੰ ਗੁਰੂ ਕਿਹਾ ਜਾਂਦਾ ਹੈ, ਪਰ ਜਦੋਂ ਸਿੱਖੀ ਵਿੱਚ ਗੁਰੂ ਸ਼ਬਦ ਆਉਂਦਾ ਹੈ, ਤਾਂ ਇਸ ਦਾ ਅਰਥ ‘ਸੁਰਤ ਦੀ ਅਗਵਾਈ ਕਰਨ ਵਾਲਾ ਸ਼ਬਦ’ ਹੋ ਨਿਬੜਦਾ ਹੈ। ਇਉਂ ਹੀ ਦਸ ਗੁਰੂ ਸਾਹਿਬਾਨ, ਗੁਰਤਾ ਗੱਦੀ ਦੇ ਰੂਪ ਵਿੱਚ ‘ਇਕ ਜੋਤ’ ਅਤੇ ਮੌਜੂਦਾ ਸਮੇਂ ਗੁਰੂ ਗ੍ਰੰਥ ਸਾਹਿਬ ਸਾਡੀ ਅਗਵਾਈ ‘ਗੁਰੂ’ ਵਜੋਂ ਕਰਦੇ ਹਨ। ਇੱਥੇ ‘ਗੁਰੂ’ ਸ਼ਬਦ ਕੇਵਲ ਉਸਤਾਦ ਜਾਂ ਅਧਿਆਪਕ ਨਾ ਹੋ ਕੇ, ਅਧਿਆਤਮਕ ਪ੍ਰਸੰਗ ਵਿੱਚ ਜੀਵਨ ਸੇਧ ਦਾ ਕਰਤਾ-ਧਰਤਾ ਅਤੇ ਲੋਕ-ਪਰਲੋਕ ਵਿੱਚ ਰਖਵਾਲਾ ਬਣ ਜਾਂਦਾ ਹੈ। ਇਸੇ ਕਾਰਨ ਹੀ ਸਿੱਖੀ ਵਿੱਚ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਲਈ ਗੁਰੂ ਸ਼ਬਦ ਨਹੀਂ ਵਰਤਿਆ ਜਾਂਦਾ, ਜਦਕਿ ਹੋਰਨਾਂ ਰੂਹਾਨੀ ਸ਼ਖਸੀਅਤਾਂ ਲਈ ਭਗਤ, ਸੰਤ ਆਦਿ ਸ਼ਬਦ ਵਰਤਿਆ ਜਾਂਦਾ ਹੈ। ਇਹਨਾਂ ਵਿਲਖਣ ਸ਼ਬਦਾਂ ਨੂੰ ਰਲਗੱਡ ਕਰਨਾ ਠੀਕ ਨਹੀਂ।

‘ਖ਼ਾਲਸਾ’ ਸ਼ਬਦ ਮੂਲ ਰੂਪ ਵਿੱਚ ਫ਼ਾਰਸੀ ਦਾ ਹੈ, ਜਿਸਦਾ ਅਰਥ ਹੈ ਸਿੱਧਾ ਬਾਦਸ਼ਾਹ ਅਥਵਾ ਮਾਲਕ ਨੂੰ ਸਮਰਪਤ ਹੋਣਾ ਅਤੇ ਕਿਸੇ ਹੋਰ ਦੇ ਅਧੀਨ ਨਾ ਹੋਣਾ।ਇਸ ਸ਼ਬਦ ਦੇ ਅਰਥ ਸਿੱਖੀ ਵਿੱਚ, ਇਸਲਾਮਿਕ ਮੱਤ ਨਾਲੋਂ ਬਿਲਕੁਲ ਨਿਵੇਕਲੇ ਹੋ ਜਾਂਦੇ ਹਨ। ਇੱਥੇ ਖ਼ਾਲਸਾ ਇੱਕ ਪੰਥ ਹੈ ਤੇ ਅਕਾਲ ਪੁਰਖ ਨੂੰ ਸਮਰਪਿਤ ਹੈ, ਨਾ ਕਿ ਫਾਰਸੀ ਵਿੱਚੋਂ ਲਏ ਗਏ ਸ਼ਬਦ ਦੇ ਸੀਮਤ ਅਰਥਾਂ ਤੱਕ ਹੀ ਸੰਕੁਚਤ ਹੈ। ਸਿੱਖੀ ਦੀ ਆਰੰਭਤਾ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੇ ਕੀਤੀ ਅਤੇ ਸੰਗਤ ਅਤੇ ਧਰਮਸ਼ਾਲਾ ਦੇ ਰੂਪ ਵਿੱਚ ਇਸ ਦਾ ਫੈਲਾਓ ਹੁੰਦਾ ਗਿਆ।

ਤੀਜੇ ਗੁਰੂ ਨਾਨਕ, ਗੁਰੂ ਅਮਰਦਾਸ ਜੀ ਨੇ ‘22 ਮੰਜੀਆਂ’ ਥਾਪੀਆਂ, ਜਿਹਨਾਂ ਵਿੱਚ ਸਿੱਖ ਆਦਮੀ ਅਤੇ ਬੀਬੀਆਂ ਸਨ। ਉਹਨਾਂ ਦੂਰ ਦੁਰਾਡੇ ਤੱਕ ਸਿੱਖੀ ਦਾ ਪ੍ਰਚਾਰ ਕੀਤਾ। ਚੌਥੇ ਗੁਰੂ ਨਾਨਕ, ਗੁਰੂ ਰਾਮਦਾਸ ਜੀ ਨੇ ਇਸ ਨੂੰ ਹੋਰ ਵਿਸਥਾਰ ਦਿੰਦਿਆਂ, ‘ਮਸੰਦ’ ਪ੍ਰਥਾ ਦਾ ਰੂਪ ਦਿੱਤਾ, ਭਾਵ ਉਹ ਗੱਦੀਦਾਰ ਜਿਹੜੇ ਸਿੰਘਾਸਨ ਤੋਂ ਹੇਠਵੇਂ ਹੋਣ ਅਰਥਾਤ ਗੁਰੂ ਸਾਹਿਬ ਦੇ ਅਧੀਨ ਅਤੇ ਹੁਕਮ ਅਨੁਸਾਰ, ‘ਮਸੰਦ’ ਸਿੱਖੀ ਦੀ ਪ੍ਰਚਾਰ ਦਾ ਮੁੱਖ ਕੇਂਦਰ ਬਣੇ ਅਤੇ ਸਿੱਖੀ ਦੇ ਫੈਲਾਓ ‘ਚ ਵਡਮੁੱਲੀ ਸੇਵਾ ਨਿਭਾਈ। ਨੌਵੇਂ ਗੁਰੂ ਨਾਨਕ, ਗੁਰੂ ਤੇਗ ਬਹਾਦਰ ਜੀ ਤੱਕ ਇਹ ਪ੍ਰਥਾ ਚਲਦੀ ਰਹੀ।

ਇੱਥੇ ਜ਼ਿਕਰ ਯੋਗ ਹੈ ਕਿ ਛੇਵੇਂ ਗੁਰੂ ਨਾਨਕ, ਗੁਰੂ ਹਰਗੋਬਿੰਦ ਸਾਹਿਬ ਮੌਕੇ ਅਨੇਕਾਂ ਅਜਿਹੇ ਇਲਾਕੇ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮਸੰਦ ਪ੍ਰਥਾ ਦੇ ਸਬੰਧ ਵਿੱਚ ਇੰਕਸ਼ਾਫ ਹੋਣੇ ਆਰੰਭ ਹੋਏ ਕਿ ਬਹੁਤ ਸਾਰੇ ਇਲਾਕਿਆਂ ਦੇ ਮਸੰਦ ਕਿਰਦਾਰ ਤੋਂ ਗਿਰ ਚੁੱਕੇ ਸਨ ਅਤੇ ਭ੍ਰਿਸ਼ਟ ਹੋ ਚੁੱਕੇ ਸਨ। ਅਜਿਹੀ ਹਾਲਤ ਵਿੱਚ ਗੁਰੂ ਸਾਹਿਬ ਨੇ ਸੰਨ 1698 ਵਿੱਚ ਭਾਵ ਸੰਮਤ 1755 ‘ਚ ਸਾਰੇ ਮਸੰਦਾਂ ਨੂੰ ਤਲਬ ਕੀਤਾ। ਜਿਹਨਾਂ ਮਸੰਦਾਂ ਨੇ ਕਿਰਦਾਰ ਪੱਖੋਂ ਗਲਤੀਆਂ ਕੀਤੀਆਂ ਤੇ ਭ੍ਰਿਸ਼ਟਾਚਾਰ ਫੈਲਾਇਆ, ਉਹਨਾਂ ਨੂੰ ਸਜ਼ਾਵਾਂ ਦਿੱਤੀਆਂ ਅਤੇ ਜੋ ਚੰਗੀ ਸੇਵਾ ਕਰਦੇ ਸਨ, ਉਹਨਾਂ ਤੇ ਬਖਸ਼ਿਸ਼ਾਂ ਕੀਤੀਆਂ। ਅਜਿਹੇ ਮੌਕੇ ਗੁਰੂ ਸਾਹਿਬ ਨੇ ਸਮੁੱਚੇ ਤੌਰ ‘ਤੇ ‘ਮਸੰਦ ਪ੍ਰਥਾ ਨੂੰ ਖਤਮ’ ਕਰਦਿਆਂ ਇਹ ਹੁਕਮ ਜਾਰੀ ਕੀਤਾ ਕਿ ਸਿੱਖ ਹੁਣ ਮਸੰਦਾਂ ਦੀ ਥਾਂ, ਸਿੱਧੇ ਰੂਪ ਵਿੱਚ ‘ਗੁਰੂ ਦਾ ਖਾਲਸਾ’ ਹਨ, ਭਾਵ ਸਿੱਖ ਅਤੇ ਗੁਰੂ ਦਰਮਿਆਨ ਹੁਣ ਕੋਈ ਵਿਚੋਲਾ ਨਹੀਂ ਹੋਵੇਗਾ।

ਇਉਂ ‘ਖਾਲਸਾ’ ਸ਼ਬਦ ਦਾ ਇਸਤੇਮਾਲ, ਹਰ ਉਸ ਸਿੱਖ ਲਈ ਹੋਣ ਲੱਗਿਆ, ਜਿਹੜਾ ਗੁਰੂ ਸਾਹਿਬ ਨੂੰ ਸਮਰਪਿਤ ਸੀ। ਪਹਿਲੀ ਵਿਸਾਖ ਸੰਮਤ 1756 ਸੰਨ 1699 (ਕੁਝ ਪੁਰਾਤਨ ਇਤਿਹਾਸਿਕ ਸਰੋਤਾਂ ਅਨੁਸਾਰ ਸੰਮਤ 1755 ਭਾਵ, ਸੰਨ 1698) ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ ਕੌਤਕ ਵਰਤਾਉਂਦਿਆਂ, ਖੰਡੇ ਦਾ ਪਾਹੁਲ ਤਿਆਰ ਕੀਤਾ। ਉਹਨਾਂ ਪੰਜ ਸਿਰਾਂ ਦੀ ਮੰਗ ਕੀਤੀ ਅਤੇ ਸਮਰਪਿਤ ਪੰਜ ਸਿੱਖਾਂ ਨੇ ਗੁਰੂ ਸਾਹਿਬ ਨੂੰ ਸੀਸ ਭੇਟ ਕੀਤੇ। ਇਸ ਤਰ੍ਹਾਂ ਇਹ ਪਵਿੱਤਰ ਦਿਹਾੜਾ ‘ਸੀਸ ਭੇਟ ਦਿਵਸ’ ਹੋ ਨਿਬੜਿਆ। ਗੁਰੂ ਸਾਹਿਬ ਨੇ ਖੁਦ ਨੀਲਾ ਚੋਲਾ ਪਹਿਨਿਆ ਅਤੇ ਪੰਜਾਂ ਪਿਆਰਿਆਂ ਨੂੰ ਵੀ ਨੀਲੇ ਵਸਤਰ ਪਹਿਨਾਏ।

‘ਭੱਟ, ਗੁਰੂ ਕੀਆਂ ਵਹੀਆਂ’ ਅਤੇ ਕਵੀ ਸੈਨਾਪਤੀ ਅਨੁਸਾਰ ਗੁਰੂ ਸਾਹਿਬ ਨੇ ਪਹਿਲਾਂ ਖੰਡੇ ਦੀ ਪਹੁਲ ਦੇ ਪੰਜ ਚੂਲੇ ਆਪ ਛਕੇ ਅਤੇ ਫਿਰ ਪੰਜ ਪਿਆਰਿਆਂ ਨੂੰ ਛਕਾਏ। ਉਸ ਸਮੇਂ ‘ਸਿੰਘ’ ਸ਼ਬਦ ਗੁਰੂ ਸਾਹਿਬ ਨੇ ਆਪਣੇ ਨਾਮ ਨਾਲ ਲਗਾਇਆ ਅਤੇ ਪੰਜਾਂ ਪਿਆਰਿਆਂ ਨੂੰ ਇਹ ਪਛਾਣ ਬਖਸ਼ਿਸ਼ ਕਰਦਿਆਂ ; ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਦੇ ਨਾਮ ਬਖਸ਼ੇ। ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਆਦਮੀ ਅਤੇ ਬੀਬੀਆਂ ਨੇ ਖੰਡੇ ਦਾ ਪਾਹੁਲ ਲਿਆ ਅਤੇ ਸਿੰਘ ਤੇ ਕੌਰ ਬਣੇ। ਖੰਡੇ ਦਾ ਪਾਹੁਲ ਛਕਣ ਵਾਲੇ ਸਿੱਖਾਂ ਨੂੰ ਗੁਰੂ ਸਾਹਿਬ ਨੇ ਪੰਜ ਕਕਾਰ ਬਖਸ਼ੇ, ਚਾਰ ਕਰਹਿਤਾਂ ਤੋਂ ਵਰਜਿਆ ਅਤੇ ਗੁਰੂ ਘਰ ਤੋਂ ਬੇਮੁਖਾਂ ਨਾਲ ਸਾਂਝ ਨਾ ਰੱਖਣ ਦੇ ਹੁਕਮ ਦਿੱਤੇ।

ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਜਾਰੀ ਹੁਕਮਨਾਮਿਆਂ ਵਿੱਚ ਸਿੱਖ ਸੰਗਤ ਲਈ ਸੰਬੋਧਨੀ ਸ਼ਬਦ “ਅਕਾਲ ਪੁਰਖ ਦਾ ਖਾਲਸਾ” ਸਾਹਿਬ ਵੱਲੋਂ ਸਾਜੀ ‘ਸਿੱਖੀ’ ਲਈ ਗੁਰੂ ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ‘ਖ਼ਾਲਸਾ’ ਨਾਂ ਬਖਸ਼ਿਆ। ਇਸ ਦੀ ਵਿਲੱਖਣਤਾ ਸੰਸਾਰ ਪੱਧਰ ‘ਤੇ ਮਨੁੱਖੀ ਹੱਕਾਂ, ਮਾਨਵੀ ਬਰਾਬਰੀ ਅਤੇ ਸਰਬੱਤ ਦੇ ਭਲੇ ਪੱਖੋਂ ਉਜਾਗਰ ਹੋਣਾ ਹੀ, ‘ਸਿੱਖ ਵਿਰਾਸਤੀ ਖ਼ਾਲਸਾ ਦਿਹਾੜਾ’ ਸਹੀ ਅਰਥਾਂ ਵਿੱਚ ਮਨਾਉਣਾ ਕਿਹਾ ਜਾ ਸਕਦਾ ਹੈ।

ਸਿੱਖਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੁਨੀਆਂ ਦਾ ਅਜਿਹਾ ਪਹਿਲਾ ਦੇਸ਼ ਹੈ, ਜਿੱਥੇ ਸਿੱਖ ਵਿਰਾਸਤੀ ਮਹੀਨਾ ਰਾਸ਼ਟਰੀ ਤੌਰ ‘ਤੇ ਮਨਾਇਆ ਜਾਂਦਾ ਹੈ। ਇਸ ਦੇ ਇਤਿਹਾਸ ਵੱਲ ਵੇਖੀਏ, ਤਾਂ ਸੰਨ 2013 ਵਿਚ ਨਿਊ ਡੈਮੋਕਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਕੈਨੇਡਾ ਦੇ ਸੂਬੇ ਓਂਟੈਰੀਓ ਵਿੱਚ ਵਿਧਾਇਕ ਹੁੰਦਿਆਂ ਅਜਿਹਾ ਮਤਾ ਪੇਸ਼ ਕੀਤਾ ਸੀ, ਜਿਸ ਤੋਂ ਬਾਅਦ ਓਂਟੈਰੀਓ ਵਿੱਚ ਸਿੱਖ ਵਿਰਾਸਤੀ ਮਹੀਨਾ ਮਨਾਉਣਾ ਆਰੰਭ ਹੋਇਆ। ਕੈਨੇਡਾ ਵਿੱਚ ਕੌਮੀ ਪੱਧਰ ‘ਤੇ ਸੰਨ 2018 ਵਿਚ ਲਿਬਰਲ ਪਾਰਟੀ ਦੇ ਐਮਪੀ ਸੁਖ ਧਾਲੀਵਾਲ ਨੇ ਹਾਊਸ ਆਫ ਕਾਮਨਜ਼ ਪ੍ਰਾਈਵੇਟ ਮੈਂਬਰ ਬਿੱਲ ਸੀ 376 ਲਿਆਂਦਾ, ਜੋ ਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਿੱਚ 30 ਅਪ੍ਰੈਲ 2019 ਨੂੰ ‘ਸਿੱਖ ਹੈਰੀਟੇਜ ਐਕਟ’ ਬਣਿਆ।

ਸੰਨ 2026 ਕੈਨੇਡਾ ਪੱਧਰ ‘ਤੇ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਉਣ ਦੀ 7ਵੀਂ ਵਰੇਗੰਢ ਹੈ। ਕੈਨੇਡਾ ਸਿੱਖ ਵਿਰਾਸਤੀ ਮਹੀਨਾ ਉਤਸ਼ਾਹ ਨਾਲ ਮਨਾ ਰਿਹਾ ਹੈ, ਜਿਸ ਦੌਰਾਨ ਇਤਿਹਾਸਿਕ ਪ੍ਰਦਰਸ਼ਨੀਆਂ, ਨਗਰ ਕੀਰਤਨਾਂ, ਸੱਭਿਆਚਾਰਕ ਸਮਾਗਮਾਂ ਅਤੇ ਵਿਚਾਰ ਗੋਸ਼ਟੀਆਂ ਦਾ ਆਯੋਜਨ ਹੋ ਰਿਹਾ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪੱਧਰ ‘ਤੇ ਕੈਨੇਡਾ ਸਰਕਾਰ ਦੀ ਪ੍ਰਵਾਨਗੀ ਨਾਲ ਅਜਿਹੇ ਸਮਾਗਮ ਵੱਧ-ਚੜ ਕੇ ਕੀਤੇ ਜਾ ਸਕਦੇ ਹਨ, ਇਸਦਾ ਸਾਨੂੰ ਲਾਹਾ ਲੈਣਾ ਚਾਹੀਦਾ ਹੈ। ਕੈਨੇਡਾ ਦੇ ਰਾਜਨੀਤਿਕ ਆਗੂਆਂ ਵੱਲੋਂ ਅਪ੍ਰੈਲ ਦੇ ਸਿੱਖ ਵਿਰਾਸਤੀ ਮਹੀਨੇ ‘ਤੇ ਸਮੂਹ ਕੈਨੇਡੀਅਨ ਭਾਈਚਾਰੇ ਨੂੰ ਵਧਾਈ ਦਿੰਦਿਆਂ ਕਿਹਾ ਗਿਆ ਕਿ ਇਹ ਵਿਭਿੰਨਤਾ ਜਿੱਥੇ ਸਾਡੀ ਤਾਕਤ ਹੈ, ਉੱਥੇ ਸਿੱਖ ਭਾਈਚਾਰਾ ਨਿਰਸੁਆਰਥ, ਹਮਦਰਦੀ ਅਤੇ ਮਹਾਨਤਾ ਸਦਕਾ ਕੈਨੇਡਾ ਨੂੰ ਮਹਾਨ ਬਣਾਉਣ ਦੀ ਅਹਮ ਭੂਮਿਕਾ ਨਿਭਾ ਰਿਹਾ ਹੈ। ਕਰੀਬ 130 ਸਾਲ ਤੋਂ ਸਿੱਖ ਕੈਨੇਡੀਅਨਾਂ ਨੇ ਇਸ ਦੇਸ਼ ਨੂੰ ਬਰਾਬਰੀ, ਹਮਦਰਦੀ ਭਰਪੂਰ ਅਤੇ ਨਿਆਪੂਰਨ ਕੈਨੇਡਾ ਬਣਾਉਣ ਵਿੱਚ ਖਾਸ ਮਦਦ ਕੀਤੀ ਹੈ।

- ਬਾਕੀ ਸਫ਼ਾ 20 ’ਤੇ

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

| | |
|---|---|
| ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਦੋ ਸ੍ਰੀ ਅਖੰਡ ਪਾਠ ਸਾਹਿਬ 1) ਬੀਬੀ ਰਾਜਵੰਤ ਕੌਰ ਪੱਡਾ ਪ੍ਰਵਾਰ 2) ਭਾਈ ਕਰਮ ਸਿੰਘ ਬਾਗੜੀ ਪ੍ਰਵਾਰ ਵੱਲੋਂ ਅਰੰਭ ਹੋਣਗੇ।
- ਇਹ ਅਖੰਡ ਪਾਠ 10 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 09:30 ਵਜੇ ਅਰੰਭ ਹੋਣਗੇ ਜਿਨਾਂ ਦੇ ਭੋਗ 12 ਅਪ੍ਰੈਲ ਸਵੇਰੇ 09:30 ਵਜੇ ਪੈਣਗੇ। ਉਪਰੰਤ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।
- ਅੰਤਿਮ ਸਸਕਾਰ ਭਾਈ ਦਰਸ਼ਨ ਸਿੰਘ ਖੈਹਰਾ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 10 ਅਪ੍ਰੈਲ ਦਿਨ ਸ਼ੁੱਕਰਵਾਰ 11:00 ਵਜੇ ਹੋਵੇਗਾ ਉਪਰੰਤ 12:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਅੰਤਿਮ ਸਸਕਾਰ ਭਾਈ ਮਨਦੀਪ ਸਿੰਘ ਗਰੇਵਾਲ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 11 ਅਪ੍ਰੈਲ ਦਿਨ ਸ਼ਨਿੱਚਰਵਾਰ 10:00 ਵਜੇ ਹੋਵੇਗਾ ਉਪਰੰਤ 11:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਅੰਤਿਮ ਸਸਕਾਰ ਬੀਬੀ ਅਮਰਜੀਤ ਕੌਰ ਸ਼ੇਖੋਂ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 11 ਅਪ੍ਰੈਲ ਦਿਨ ਸ਼ਨਿੱਚਰਵਾਰ 11:00 ਵਜੇ ਹੋਵੇਗਾ ਉਪਰੰਤ 12:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- 11 ਅਪ੍ਰੈਲ ਦਿਨ ਸ਼ਨਿੱਚਰਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਸਤਿੰਦਰ ਸਿੰਘ ਗਰੇਵਾਲ, 2) ਭਾਈ ਜਸਕਮਲਜੀਤ ਸਿੰਘ ਚੀਮਾ 3) ਬੀਬੀ ਜਸਪ੍ਰੀਤ ਕੌਰ ਨਾਹਨ ਪ੍ਰਵਾਰ ਵੱਲੋਂ ਹੋਵੇਗੀ।
- 12 ਅਪ੍ਰੈਲ ਦਿਨ ਐਤਵਾਰ ਸਵੇਰੇ 09:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਗਗਨਦੀਪ ਸਿੰਘ, 2) ਭਾਈ ਸੋਹਣ ਸਿੰਘ ਬਿਸਲਾ ਪ੍ਰਵਾਰ ਵੱਲੋਂ ਹੋਵੇਗੀ।
- 12 ਅਪ੍ਰੈਲ ਦਿਨ ਐਤਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਰਣਧੀਰ ਸਿੰਘ ਚਾਹਲ, 2) ਬੀਬੀ ਹਰਪ੍ਰੀਤ ਕੌਰ , 3) ਭਾਈ ਅਰਸ਼ਪ੍ਰੀਤ ਸਿੰਘ ਪ੍ਰਵਾਰ ਵੱਲੋਂ ਹੋਵੇਗੀ।
- ਅੰਤਿਮ ਸਸਕਾਰ ਬੀਬੀ ਪ੍ਰੀਤਮ ਕੌਰ ਵਿਰਕ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 13 ਅਪ੍ਰੈਲ ਦਿਨ ਸੋਮਵਾਰ 02:30 ਵਜੇ ਹੋਵੇਗਾ ਉਪਰੰਤ 04:00 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- 14 ਅਪ੍ਰੈਲ ਦਿਨ ਮੰਗਲਵਾਰ ਸਵੇਰੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਅਤੇ ਖਾਲਸੇ ਦੇ ਪ੍ਰਗਟ ਦਿਹਾੜੇ ਨੂੰ ਮੁੱਖ ਰਖਦਿਆਂ ਅਰੰਭ ਕੀਤੇ ਗਏ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 10 ਵਜੇ ਪੈਣਗੇ ਉਪਰੰਤ ਖੁੱਲੇ ਦੀਵਾਨ ਸੱਜਣਗੇ ਜਿਸ ਵਿਚ ਭਾਈ ਸਰਬਜੀਤ ਸਿੰਘ ਜੀ ਧੂੰਦਾ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਨਗੇ।

- ਨੋਟ : ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਖਾਲਸੇ ਦੇ ਪ੍ਰਗਟ ਦਿਹਾੜੇ ਨੂੰ ਮੁਖ ਰਖਦਿਆਂ ਭਾਈ ਸਰਬਜੀਤ ਸਿੰਘ ਜੀ ਧੂੰਦਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਮਿਤੀ 13 ਅਪ੍ਰੈਲ ਤੋਂ 19 ਅਪ੍ਰੈਲ ਤਕ ਆਪ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਨਗੇ।
- ਨੋਟ : ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਖਾਲਸੇ ਦੇ ਪ੍ਰਗਟ ਦਿਹਾੜੇ ਨੂੰ ਮੁਖ ਰਖਦਿਆਂ ਅਮ੍ਰਿੰਤ ਸੰਚਾਰ 12 ਅਪ੍ਰੈਲ ਦਿਨ ਐਤਵਾਰ ਸਵੇਰੇ 9:30 ਵਜੇ ਹੋਣਗੇ।
- ਨੋਟ : ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 12 ਅਪ੍ਰੈਲ ਦਿਨ ਐਤਵਾਰ ਦੁਪਹਿਰ 12 ਵਜੇ ਹੋਵੇਗੀ। ਆਪ ਸੰਗਤਾਂ ਨੂੰ ਬੇਨਤੀ ਹੈ ਕਿ ਹੁੰਮ ਹੁੰਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।
- ਨੋਟ: ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹਰ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤਕ ਬਜ਼ੁਰਗਾਂ ਵਾਸਤੇ ਟੈਕਸ ਫਾਰਮ , ਬੁਢਾਪਾ ਪੈਨਸ਼ਨ , ਕੰਮ ਦੀ ਪੈਨਸ਼ਨ, ਪੀ ਆਰ ਕਾਰਡ ਫਾਰਮ, ਸਿਟੀਜਨਸ਼ਿਪ ਫਾਰਮ, ਬਸ ਪਾਸ ਫਾਰਮ , ਪਾਸਪੋਰਟ ਫਾਰਮ ਇਤਿਆਦ ਫਾਰਮ ਮੁਫਤ ਵਿਚ (Free Serivce) ਭਰੇ ਜਾਂਦੇ ਹਨ।

**ਰਾਗੀ ਜੱਥਾ : ਭਾਈ ਦਿਲਬਾਗ ਸਿੰਘ, ਭਾਈ ਹਰਜੀਤ ਸਿੰਘ**

**ਕਥਾਵਾਚਕ : ਭਾਈ ਗੁਰਪ੍ਰੀਤ ਸਿੰਘ ਜੀ**

**ਢਾਡੀ ਜਥਾ : ਭਾਈ ਜਸਵੰਤ ਸਿੰਘ ਜੋਸ਼**

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**


ਖਾਲਸੇ ਦੇ ਸਾਜਨਾ ਦਿਵਸ ਅਤੇ
ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਗੁਰਮਤਿ ਸਮਾਗਮ
ਕਨੇਡਾ ਪ੍ਰਚਾਰ ਫੇਰੀ
13 ਅਪ੍ਰੈਲ ਤੋਂ 19 ਅਪ੍ਰੈਲ 2026
ਸ਼ਾਮ 6:45 ਤੋਂ 8:00
14 ਅਪ੍ਰੈਲ 2026 (ਮੰਗਲਵਾਰ)
ਦਿਨ 10:30 ਤੋਂ 11:30
19 ਅਪ੍ਰੈਲ 2026 (ਐਤਵਾਰ)
ਦਿਨ 11:00 ਤੋਂ 12:00
ਭਾਈ ਸਰਬਜੀਤ ਸਿੰਘ ਧੂੰਦਾ
ਸ਼ਬਦ ਵਿਚਾਰ ਰਾਹੀਂ ਸੰਗਤਾਂ ਨਾਲ ਸਾਂਝ ਪਾਉਣਗੇ।
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 8115-132 ਸਟਰੀਟ ਸਰੀ
ਵਧੇਰੇ ਜਾਣਕਾਰੀ ਲਈ: 604 590 3232, 778 908 3221, 778 995 0563


HAPPY VAISAKHI
ਖਾਲਸਾ ਸਾਜਨਾ ਦਿਵਸ
ਵਿਸਾਖੀ
ਦੀਆਂ ਲੱਖ ਲੱਖ
ਵਧਾਈਆਂ
MR. LUBE + TIRES
Celebrate with savings!
ਬੱਚਤਾਂ ਨਾਲ ਜਸ਼ਨ ਮਨਾਓ !
OILCHANGE PLUS TIRES AND BRAKES
NO APPOINTMENT NEEDED.
OPEN EVERY DAY
NOW HIRING APPLY ON SITE ANY TIME
Visit one of our locations:
Vancouver
520 SE Marine Dr, V5X 2T4
604 216 5823
Vancouver
1362 Marine Dr, North Vancouver, BC V7P 1T4
North Vancouver
1790 Marine Dr, V7P 1V2
604 987 8006
Surrey
2299 King George Blvd V4A 5A4
604 560 6100
Langley
20112 Fraser Hwy BC, V3A 4E5
604-532-5990
Langley
9228 200 Street BC, V1M 3A3
778-705-9299
Or visit any other of our Greater Vancouver locations.
ਹੁਣ ਖੁਲ੍ਹਾ ਹੈ। ਅਸੀਂ ਤੁਹਾਡੀ ਬੋਲੀ ਵਿਚ ਗੱਲ ਕਰਦੇ ਹਾਂ।
ਹਫਤੇ ਵਿਚ 7 ਦਿਨ ਖੁਲ੍ਹਦਾ ਹੈ। ਕੋਈ ਅਪੌਇੰਟਮੈਂਟ ਬਣਾਉਣ ਦੀ ਲੋੜ ਨਹੀਂ। ਵਾਰੰਟੀ ਵਲੋਂ ਮਨਜ਼ੂਰਸ਼ੁਦਾ ਤੇਲ ਬਦਲੀਆਂ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥




**8000 Khalsa Diwan Road, Vancouver, B.C. Canada, V5X 4C5 Ph. (604) 322-5610, (604) 324-2010**

# ਖਾਲਸਾ ਪੰਥ ਦੇ ਜਨਮ ਦਿਹਾੜੇ ਨੂੰ ਸਮਰਪਿਤ

## ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਵਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ

# ਵਿਸਾਖੀ ਨਗਰ ਕੀਰਤਨ

## 11 ਅਪ੍ਰੈਲ 2026, ਦਿਨ ਸ਼ਨਿੱਚਰਵਾਰ

ਨੂੰ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਇਆ ਜਾ ਰਿਹਾ ਹੈ।

* ਇਲਾਹੀ ਕੀਰਤਨ............ਸਵੇਰ 8:00-9:30 ਵਜੇ ਤੱਕ
* ਤਕਰੀਰਾਂ.................... ਸਵੇਰ 9:30-10:40 ਵਜੇ ਤੱਕ
* ਅਰਦਾਸ.................... ਸਵੇਰ 10:45 ਵਜੇ



* ਨਗਰ ਕੀਰਤਨ ਦਾ ਅਰੰਭਤਾ- ਸਵੇਰ 10:45 ਵਜੇ
* ਨਗਰ ਕੀਰਤਨ ਦੀ ਮੁਕੰਮਲਤਾ- ਸ਼ਾਮ 4:00 ਵਜੇ

### ਪ੍ਰੋਗਰਾਮ ਦਾ ਵੇਰਵਾ

5 ਅਪ੍ਰੈਲ 2026, ਦਿਨ ਐਤਵਾਰ.............ਅੰਮ੍ਰਿਤ ਸੰਚਾਰ
10 ਅਪ੍ਰੈਲ 2026, ਦਿਨ ਸ਼ੁੱਕਰਵਾਰ..........ਨਿਸ਼ਾਨ ਸਾਹਿਬ ਦੀ ਸੇਵਾ
11 ਅਪ੍ਰੈਲ 2026, ਦਿਨ ਸ਼ਨਿੱਚਰਵਾਰ.........ਸਲਾਨਾ ਨਗਰ ਕੀਰਤਨ



ਵਿਸਾਖੀ ਸਿੱਖਾਂ ਲਈ ਇੱਕ ਬਹੁਤ ਮਹੱਤਵਪੂਰਨ ਦਿਹਾੜਾ ਹੈ ਅਤੇ ਸਿੱਖ ਕੈਲੰਡਰ ਵਿੱਚ ਸਭ ਤੋਂ ਸ਼ਾਨਦਾਰ ਤੇ ਚੜ੍ਹਦੀ ਕਲਾ ਵਾਲੇ ਸਮਾਗਮਾਂ ਵਿੱਚੋਂ ਇੱਕ ਹੈ। ਇਹ ਹਰ ਸਾਲ ਅਪ੍ਰੈਲ ਦੇ ਅੱਧ ਵਿੱਚ ਹੁੰਦਾ ਹੈ ਅਤੇ ਰਵਾਇਤੀ ਤੌਰ 'ਤੇ ਪੰਜਾਬ ਵਿੱਚ ਸਾਲ ਦੀ ਪਹਿਲੀ ਫ਼ਸਲ ਦੀ ਕਟਾਈ ਨਾਲ ਮੇਲ ਖਾਂਦਾ ਹੈ।ਇਸ ਲਈ ਇਤਿਹਾਸਕ ਤੌਰ 'ਤੇ ਵਿਸਾਖੀ ਇੱਕ ਬਹੁਤ ਹੀ ਖੁਸ਼ੀ ਅਤੇ ਉਤਸ਼ਾਹ ਦਾ ਸਮਾਂ ਹੁੰਦਾ ਹੈ। 1699 ਤੋਂ ਇਸ ਨੇ ਖਾਲਸੇ ਦੀ ਸਿਰਜਣਾ ਦੇ ਬਹੁਤ ਮਹੱਤਵਪੂਰਨ ਧਾਰਮਿਕ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪੁੱਜਦਾ ਕੀਤਾ ਹੈ।

ਕਿਰਪਾ ਕਰਕੇ ਆਓ ਅਤੇ ਵੈਨਕੂਵਰ ਵਿਸਾਖੀ ਨਗਰ ਕੀਰਤਨ ਵਿਚ ਸ਼ਾਮਿਲ ਹੋਵੋ। ਸਾਰਿਆਂ ਲਈ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਕ੍ਰਿਪਾ ਕਰ ਕੇ ਆਵਾਜਾਈ ਦੇ ਰਸਤਿਆਂ ਦੀ ਤਬਦੀਲੀ ਅਤੇ ਸੜ੍ਹਕਾਂ ਦੇ ਬੰਦ ਹੋਣ ਬਾਰੇ ਧਿਆਨ ਰੱਖੋ। ਆਪ ਜੀ ਦਾ ਧੰਨਵਾਦ।

**AVAILABLE PARKING FOR SANGAT & RESIDENTS**

Parking has been obtained by KDS, but parking is at your discretion. **Please adhere to the strict open and closing times for each lot, otherwise your vehicle will be towed. Note, each lot has a different time.** See map to the right for locations.

- A **Fraserview Banquet Hall & South Hall** parking lots: until 5pm
- B **Moberly Elementary School** parking lots: 7am-7pm
  - i. Gravel field - access off of Ross Street
  - ii. Staff parking lot - access off of 59th ave
- C **John Henderson School** access off of St. George Street: 7am-7pm
- D Parking lots directly **behind Tim Horton's (6501 Main St) and Himalaya Restaurant (6587 Main St)**: 7am-7pm
- E **Langara College:** 7am-7pm (**Do NOT park in the Employee Parking**)

President: Ranjit Singh Hayer................(Cell: 778-245-8900)
Secretary: Kashmir Singh Dhaliwal.......(Cell: 604-722-6544)
Treasurer: Sukhpaul Singh Jhooty.........(Cell: 778-840-5602)
Head Granthi: Harminderpal Singh......(Cell: 778-706-5166)
E-mail: kdsross@live.com Web: www.kdsross.com

**ਸਵਾਗਤ ਕਰਤਾ**
ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ
ਸੰਪਰਕ: 604-322-5610

੧ੴ ਵਾਹਿਗੁਰੂ ਜੀ ਕੀ ਫ਼ਤਹਿ॥

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

FIRST GOD CREATED LIGHT AND THEN BY HIS OMNIPOTENCE MADE ALL THE MORTALS.
FROM THE ONE LIGHT HAS WELLED UP THE WHOLE UNIVERSE. THEN WHO IS GOOD AND WHO IS BAD

# KHALSA DIWAN SOCIETY, ABBOTSFORD

## ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ

(Incorporated as a Society under The "Societies Act")

33094 South Fraser Way, Abbotsford, BC V2S 2A9, Canada | Phone: 604-850-7338

Email : kds@canadiansikhheritage.ca | Website: khalsadiwansociety.ca



## ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਲੋਂ

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ

## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਖਾਲਸਾ ਪੰਥ ਦੇ ਸਿਰਜਣਾ ਦਿਵਸ ਵਿਸਾਖੀ ਦਾ ਤਿਉਹਾਰ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੀਆਂ ਸਮੂਹ ਸੰਗਤਾਂ ਵੱਲੋਂ ਹੇਠ ਲਿਖੇ ਅਨੁਸਾਰ ਮਨਾਇਆ ਜਾ ਰਿਹਾ ਹੈ।

**ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
12 ਅਪੈਲ 2026
ਦਿਨ ਐਤਵਾਰ ਸਵੇਰੇ 10:00 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**
14 ਅਪ੍ਰੈਲ 2026
ਦਿਨ ਮੰਗਲਵਾਰ ਸਵੇਰੇ 10:00 ਵਜੇ

14 ਅਪ੍ਰੈਲ, ਦਿਨ ਮੰਗਲਵਾਰ ਨੂੰ ਹੀ ਸਵੇਰੇ 8:00 ਵਜੇ ਹੈਰੀਟੇਜ ਗੁਰਦੁਆਰਾ ਸਾਹਿਬ ਵਿਖੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।

ਖਾਲਸਾ ਪੰਥ ਦੇ ਸਿਰਜਣਾ ਦਿਹਾੜੇ ਵਿਸਾਖੀ ਨੂੰ ਸਮਰਪਿਤ ਕੀਰਤਨ, ਕਥਾ, ਢਾਡੀ ਵਾਰਾਂ ਅਤੇ ਬੱਚਿਆਂ ਦੇ ਕੀਰਤਨ ਦਾ ਪ੍ਰਵਾਹ ਚੱਲੇਗਾ। ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਗੁਰੂਘਰ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ, ਧੰਨਵਾਦੀ ਹੋਵਾਂਗੇ।

**ਸੰਗਤਾਂ ਨੂੰ ਸਮਾਗਮਾਂ ਵਿੱਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ**

**ਗੁਰੂ ਕਾ ਲੰਗਰ ਅਟੁੱਟ ਵਰਤੇਗਾ**

| ਪ੍ਰਧਾਨ | ਵਾਈਸ ਪ੍ਰਧਾਨ | ਸਕੱਤਰ | ਖਜ਼ਾਨਚੀ |
|---|---|---|---|
| ਸ੍ਰ. ਰਜਿੰਦਰ ਸਿੰਘ ਢਿੱਲੋਂ, ਫੋਨ 778-552-8484 | ਜਗਦੇਵ (ਮੱਖਣ) ਸਿੰਘ ਗਿੱਲ, ਫੋਨ 604-825-2789 | ਸ੍ਰ. ਲਖਵਿੰਦਰ ਸਿੰਘ ਬਰਾੜ, ਫੋਨ 604-217-9394 | ਸ੍ਰ. ਅਮਰ ਸਿੰਘ ਧਾਲੀਵਾਲ, ਫੋਨ 604-864-7867 |

**ਪ੍ਰਾਰਥਕ: ਖਾਲਸਾ ਦੀਵਾਨ ਸੁਸਾਇਟੀ ਦੀ ਪ੍ਰਬੰਧਕ ਕਮੇਟੀ, ਐਬਟਸਫੋਰਡ**

# ਵਿਸਾਖੀ, ਖ਼ਾਲਸਾ ਜੀਵਨ ਦਾ ਇਨਕਲਾਬੀ ਦਿਹਾੜਾ

ਸਫ਼ਾ 1 ਦਾ ਬਾਕੀ

**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**
**(ਪੰਨਾ ੯੬੬)**

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥**
**ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥ (ਪੰਨਾ ੬੪੬)**

ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖਰ ਸੀ 'ਖਾਲਸੇ ਦੀ ਸਾਜਨਾ'। ਖਾਲਸਾ ਇੱਕ ਆਦਰਸ਼ ਪੁਰਖ ਹੈ। ਇਸ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਵ ਪੱਖੀ, ਸਰਬ ਪ੍ਰਕਾਰ ਦੇ ਸਦ ਗੁਣਾਂ ਨਾਲ ਭਰਪੂਰ, ਆਤਮ ਵਿਸ਼ਵਾਸ, ਸਵੈ ਨਿਰਭਰ ਤੇ ਸੰਪੂਰਨ ਮਨੁੱਖ ਹੈ। ਖਾਲਸਾ ਸੰਤ ਵੀ ਹੈ ਸਿਪਾਹੀ ਵੀ, ਖਾਲਸਾ ਗੁਰੂ ਵੀ ਹੈ ਤੇ ਸਿੱਖ ਵੀ, ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ, ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ, ਖਾਲਸਾ ਦ੍ਰਿੜ੍ਹ ਵੀ ਹੈ ਤੇ ਨਿਮਰ ਵੀ ਹੈ, ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ (ਪੰਨਾ ੪੬੯)**

ਸਿੱਖ ਕੌਮ ਵਲੋਂ ਪੂਰੇ ਵਿਸ਼ਵ ?ਚ ਖਾਲਸੇ ਦਾ ਇਹ ਪਵਿੱਤਰ ਦਿਹਾੜਾ ਮਨਾਇਆ ਜਾ ਰਿਹਾ ਹੈ, ਪੂਰੇ ਵਿਸ਼ਵ ਵਿੱਚ ਜਿੱਥੇ ਵੀ ਸਿੱਖ ਵਸਦੇ ਹਨ ਉਹ ਗੁਰਦੁਆਰਾ ਸਾਹਿਬਾਨ ਵਿੱਚ ਜਾ ਕੇ, ਨਗਰ ਕੀਰਤਨਾਂ ਅਤੇ ਗੁਰਬਾਣੀ ਨੂੰ ਸਰਵਣ ਕਰਕੇ ਮਨਾਉਂਦੇ ਹਨ। ਸਿੱਖ ਕੌਮ ਪੂਰੇ ਵਿਸ਼ਵ ਵਿੱਚ ਜਿਥੇ ਵੀ ਵਸਦੀ ਹੈ ਹਮੇਸ਼ਾਂ ਮਨੁੱਖੀ ਹੱਕ ਤੇ ਸੱਚ ਲਈ ਖੜ੍ਹੇ, ਲੋੜਵੰਦਾਂ ਦੀ ਮਦਦ ਕਰੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਇਸ ਪਵਿੱਤਰ ਦਿਹਾੜੇ ਨੂੰ ਮਨਾਈਏ ਅਤੇ ਆਪਣੇ ਜੀਵਨ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਚੱਲਣ ਦੀ ਕੋਸ਼ਿਸ਼ ਕਰੀਏ, ਇਹ ਸਾਡੇ ਜੀਵਨ ਸਭ ਤੋਂ ਵੱਡੀ ਪ੍ਰਾਪਤੀ ਹੋਵੇਗੀ।


ਗੁਰੂ ਸਾਹਿਬਾਨ ਵਲੋਂ ਸਾਜੇ ਖਾਲਸੇ ਦਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾਂ ਉਹ ਕਿਸੇ ਦੇ ਅਧੀਨ ਨਹੀਂ ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤ ਦਾ ਪੂਜਕ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ ਇਸ ਲਈ ਇਸ 'ਧੁਰੋਂ ਸਰਦਾਰੀ ਪ੍ਰਾਪਤ ਹੈ। ਖਾਲਸਾ ਕਿਸੇ ਪ੍ਰਕਾਰ ਦੇ ਕਰਮ ਕਾਂਡ ਵਹਿਮ ਭਰਮ 'ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਵੀ ਮਿਸਾਲ ਪੇਸ਼ ਕੀਤੀ ਹੈ।

**ਖਾਲਸ ਖਾਸ ਕਹਾਵੈ ਸੋਈ, ਜਾ ਕੈ ਹਿਰਦੈ ਭਰਮ ਨ ਹੋਈ।**
**ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ।**
(ਸ੍ਰੀ ਗੁਰ ਸੋਭਾ)

**ਜਾਗਤਿ ਜੋਤਿ ਜਪੈ ਨਿਸਿ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ।**
**ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨਾ ਮਾਨੈ।**
**ਤੀਰਥ ਦਾਨ ਦਇਆ ਤਪ ਸੰਜਮ ਏਕੁ ਬਿਨਾਂ ਨਹਿ ਏਕ ਪਛਾਨੈ।**
**ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿਂ ਨਖਾਲਿਸ ਜਾਨੈ।**

(ਤੇਤੀ ਸਵੱਯੇ) ਵੈਸਾਖੀ ਦੇ ਦਿਹਾੜੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਇਸੇ ਪਵਿੱਤਰ ਅਸਥਾਨ ਤੇ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦੇ ਸਿਧਾਂਤ 'ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਕੋਲੋਂ ਸੀਸ ਦੀ ਮੰਗ ਕੀਤੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ ਸਨ, ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੁਹਕਮ ਚੰਦ ਤੇ ਭਾਈ ਸਾਹਿਬ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ 'ਨਵੇਂ ਬਸਤਰ ਤੇ ਸ਼ਸਤਰ ਪਹਿਨਾਏ। ਖੰਡੇ ਬਾਟੇ ਦੀ ਪਾਹੁਲ ਹੱਥੀਂ ਤਿਆਰ ਕਰ ਕੇ ਉਨ੍ਹਾਂ 'ਛਕਾਈ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ ਸਿੰਘ ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਵਰਣ ਨਾਸ ਕਰ ਕੇ ਖਾਲਸੇ ਦਾ ਰੂਪ ਬਖ਼ਸ਼ਿਆ। ਫਿਰ ਇਨ੍ਹਾਂ ਤੋਂ ਆਪ ਖੰਡੇ ਦੀ ਪਾਹੁਲ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿਤਾ। ਭਾਈ ਗੁਰਦਾਸ ਜੀ ਨੇ ਲਿਖਿਆ;

**ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ। (ਵਾਰ ੪੧:੧)**




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਸਿੰਘਾਂ 'ਗੁਰੂ ਦੀ ਇਕ ਸੰਸਥਾ ਦਾ ਰੂਪ ਦੇ ਦਿੱਤਾ ਤਾਂ ਜੋ ਗੁਰਮਤਿ ਦਾ ਪ੍ਰਚਾਰ ਨਿਰੰਤਰ, ਸਰਵਕਾਲ ਤੇ ਸਰਵ ਵਿਆਪਕ ਕੀਤਾ ਜਾ ਸਕੇ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿਚ ਵੀ ਪੰਚਾਂ ਭਾਵ ਗੁਰਮੁਖਾਂ 'ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ:

**ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥**
**ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥**
**(ਪੰਨਾ ੩)**

ਇਹ ਪੰਚ ਜਾਂ ਬ੍ਰਹਮ ਗਿਆਨੀ ਸਿੱਖ ਖਾਲਸੇ ਦੀ ਰਹਿਣੀ ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ ?ਸਾਬਤ ਸੂਰਤ ਦਸਤਾਰ ਸਿਰਾ'ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ-ਕਛਹਿਰਾ, ਕੇਸ, ਕਿਰਪਾਨ, ਕੰਘਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ ਕੁਰਹਿਤਾਂ ਇਸ ਲਈ ਮਨ੍ਹਾਂ ਹਨ-ਤਮਾਕੂ, ਕੁੱਠਾ, ਪਰ ਇਸਤਰੀ ਦਾ ਗਮਨ ਤੇ ਰੋਮਾਂ ਦੀ ਬੇਅਦਬੀ। ਇਸ ਤੋਂ ਇਲਾਵਾ ਖਾਲਸੇ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ।

ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜਿਊਣਾ ਨਹੀਂ ਹੈ। ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ। ਇਸ ਨੇ ਧਰਤੀ ?ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ ਤੇ ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਖਾਲਸੇ ਨੇ ਅਜਿਹਾ ਹੀ ਕੀਤਾ। ਚੱਪੜ ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ 'ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ ੧੭੧੦ ਈ: 'ਸਰਹਿੰਦ ਦੀ ਧਰਤੀ ?ਤੇ ਸਿੱਖ ਰਾਜ ਦਾ ਖਾਲਸਾਈ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ ਜਿਨ੍ਹਾਂ ਨੇ ਬਦੇਸ਼ੀ ਜਰਵਾਣਿਆਂ 'ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲੂਆ ਵਰਗੇ ਜਰਨੈਲ ਹੋਏ ਜਿਨ੍ਹਾਂ ਤੋਂ ਖ਼ੂੰਖਾਰ ਪਠਾਣ ਵੀ ਭੈਅ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ 'ਹਰੀਆ ਰਾਗਲੇ' ਕਹਿ ਕੇ ਰੋਣ ਤੋਂ ਚੁੱਪ ਕਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ ਬੇਮਿਸਾਲ ਜੰਗਾਂ ਲੜੀਆਂ ਪਰ ਉਨ੍ਹਾਂ 'ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ 'ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ ਤੇ ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ 'ਮੁੱਖ ਰੱਖ ਕੇ ਇਸ 'ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ ਤੇ ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ ਤੇ ਸ਼ਕਤੀਆਂ ਹਨ।

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਸਲਾ ਨਹੀਂ ਛੱਡਿਆ। ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਆਂ ਲੜਾਈਆਂ ਵਿਚ ਘੱਟ ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾਂ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ।ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ 'ਸ਼ਹੀਦ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫਤਿਹ ਹਾਸਿਲ ਕੀਤੀ। ਇਸ ਤਰ੍ਹਾਂ ਅਤੀ ਔਖੇ ਹਾਲਾਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਹੀ ਪ੍ਰਾਪਤ ਹੈ।

ਖਾਲਸਾ ਆਚਾਰ, ਵਿਹਾਰ, ਸਦਾਚਾਰ, ਸੀਲ-ਸੰਜਮ, ਤਿਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਦੀ ਬਾਣੀ, ਗੁਰੂ ਸਾਹਿਬਾਂ ਦੇ ਉੱਚੇ ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ ਤ੍ਰੈਕਾਲੀ ਦ੍ਰਿਸ਼ਟੀ ਅਤੇ ਬੇਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹੋਏ ਹਨ। ਕਿਸੇ ਵੀ ਵਕਤੀ ਜਥੇਬੰਦੀ 'ਕਾਇਮ ਕਰਨ ਲਈ ਏਨਾਂ ਲੰਮਾ ਚੌੜਾ ਪਿਛੋਕੜ, ਇਤਿਹਾਸ ਅਤੇ ਪਰੰਪਰਾਵਾਂ ਕਾਇਮ ਕਰਨ ਦੀ ਲੋੜ ਨਹੀਂ ਹੁੰਦੀ। ਖਾਲਸਾ ਮਨੁੱਖਤਾ ਦੀ ਸਰਬ ਸਮੇਂ ਲਈ ਅਤੇ ਸਰਬ ਸਥਾਨ ਲਈ ਕੀਮਤੀ ਵਿਰਾਸਤ ਹੈ। ਮਨੁੱਖ ਦੀਆਂ ਬਣਾਈਆਂ ਜਥੇਬੰਦੀਆਂ ਅਤੇ ਸਭਾ ਸੁਸਾਇਟੀਆਂ ਵਕਤੀ ਹੋ ਸਕਦੀਆਂ ਹਨ ਪਰ ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ। ਜੋ ਲੋਕ ਇਸ 'ਵਕਤੀ ਜ਼ਰੂਰਤ ਦੀ ਚੀਜ਼ ਦੱਸ ਕੇ ਇਸ ਦੀ ਵੱਖਰੀ ਪਛਾਣ 'ਬੇਲੋੜੀ ਆਖ ਰਹੇ ਹਨ, ਉਨ੍ਹਾਂ ਦੀ ਇਹ ਬਹੁਤ ਵੱਡੀ ਭੁੱਲ ਹੈ। ਉਨ੍ਹਾਂ ਦੀ ਇਹ ਸੋਚ ਅਗਿਆਨਤਾ ਜਾਂ ਈਰਖਾ ਦੀ ਉਪਜ ਹੈ। ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ 'ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ 'ਸੰਭਾਲ ਸਕੀਏ ਅਤੇ ਆਪਣੀਆਂ ਮਹਾਨ ਪਰੰਪਰਾਵਾਂ ਅਨੁਸਾਰ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ।

ਸਫ਼ਾ 15 ਦਾ ਬਾਕੀ

ਇਸ ਕਰਕੇ ਸਿੱਖ ਵਿਰਾਸਤੀ ਮਹੀਨਾ ਸਿੱਖਾਂ ਦੇ ਮਹਾਨ ਇਤਿਹਾਸ ਬਾਰੇ ਵਿਚਾਰ ਕਰਨ ਅਤੇ ਸਿੱਖ ਭਾਈਚਾਰੇ ਦੀਆਂ ਉਹਨਾਂ ਕਦਰਾਂ ਕੀਮਤਾਂ ਨੂੰ ਪਛਾਨਣ ਦਾ ਸੁਨਹਿਰੀ ਮੌਕਾ ਹੈ, ਜੋ ਕੈਨੇਡਾ ਦੇਸ਼ ਦਾ ਨਿਰਮਾਣ ਕਰ ਰਹੀਆਂ ਹਨ।

ਅਪ੍ਰੈਲ ਦੇ ਸਿੱਖ ਵਿਰਾਸਤੀ ਮਹੀਨੇ ਦੌਰਾਨ, ਖਾਲਸਾ ਦਿਹਾੜੇ ਮੌਕੇ 'ਤੇ ਨਗਰ ਕੀਰਤਨ ਸਜਾਉਣ ਦੇ ਉਪਰਾਲੇ ਹੁੰਦੇ ਹਨ। ਨਗਰ ਕੀਰਤਨਾਂ ਦੇ ਸਬੰਧ ਵਿੱਚ ਅਹਿਮ ਵਿਚਾਰ ਹੈ ਕਿ ਖਾਲਸਾ ਦਿਹਾੜੇ ਨੂੰ 'ਮੇਲੇ' ਦੀ ਥਾਂ, ਗੁਰਪੁਰਬ ਦੇ ਅਮਲੀ ਰੂਪ ਵਿਚ ਮਨਾਇਆ ਜਾਏ। ਅੱਜ ਪੰਜਾਬ ਤੋਂ ਲੈ ਕੇ ਦੁਨੀਆਂ ਦੇ ਹਰ ਕੋਨੇ ਵਿੱਚ, ਜਿੱਥੇ ਵੀ ਸਿੱਖ ਵਸਦੇ ਹਨ, ਅਕਾਲ ਪੁਰਖ ਦਾ ਜਸ ਅਤੇ ਕੀਰਤੀ ਕਰਦੇ ਹਨ। ਸਿੱਖ ਕੌਮ ਇਤਿਹਾਸਕ ਮੌਕਿਆਂ ਉੱਪਰ ਨਗਰ ਕੀਰਤਨ ਸਜਾਉਂਦੀ ਹੈ। ਇਹ ਪਰੰਪਰਾ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਲੈ ਕੇ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ, ਸਿੰਗਾਪੁਰ, ਮਲੇਸ਼ੀਆ, ਦੁਬਈ ਅਤੇ ਪਾਕਿਸਤਾਨ ਸਮੇਤ ਹਰ ਉਸ ਮੁਲਕ ਦੇ ਵਿੱਚ ਸ਼ਾਨ ਨਾਲ ਕਾਇਮ ਹੈ, ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਵਸਿਆ ਹੋਇਆ ਹੈ। ਨਗਰ ਕੀਰਤਨ ਸ਼ਬਦ ਦੀ ਪਰਿਭਾਸ਼ਾ ਦੇਖੀਏ, ਤਾਂ ਇਹ ਦੋ ਸ਼ਬਦਾਂ ਦਾ ਜੋੜ ਹੈ : 'ਨਗਰ' ਅਤੇ 'ਕੀਰਤਨ'। ਕੀਰਤਨ ਸ਼ਬਦ ਗੁਰਬਾਣੀ 'ਚ ਅਨੇਕਾਂ ਵਾਰ ਆਇਆ ਹੈ। ਜਿੱਥੇ ਕੀਰਤਨ ਗਾਇਨ ਸਿੱਖੀ ਦਾ ਸ਼ਾਨਮਈ ਵਿਰਸਾ ਹੈ ਅਤੇ ਗੁਰੂ ਸਾਹਿਬਾਨ ਸਮੇਂ ਤੋਂ ਕੀਰਤਨ ਆਰੰਭ ਹੋਇਆ ਹੈ, ਉੱਥੇ ਇਹ ਸਦਾ ਹੀ ਕਾਇਮ ਹੈ ਅਤੇ ਰਹੇਗਾ। ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਦੇ ਸਬੰਧ ਵਿੱਚ ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚ ਅਨੇਕ ਥਾਵਾਂ 'ਤੇ ਇਹ ਸ਼ਬਦ ਹਨ, ਜਦੋਂ ਗੁਰੂ ਸਾਹਿਬ ਬਾਣੀ ਰਚਦੇ ਅਤੇ ਗਾਇਨ ਕਰਦੇ ਤੇ ਭਾਈ ਮਰਦਾਨਾ ਜੀ ਰਬਾਬ ਵਜਾਉਂਦੇ। ਗੁਰੂ ਕਾਲ ਦੌਰਾਨ ਹੀ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਸਿੱਖਾਂ ਨੂੰ ਮੌਲਿਕ ਰੂਪ ਵਿੱਚ ਸਰੰਦਾ ਅਤੇ ਅਨੇਕਾਂ ਹੋਰ ਸਾਜ ਬਖਸ਼ੇ ਅਤੇ ਹਰ ਇਕ ਸਿੱਖ ਨੂੰ ਕੀਰਤਨ ਕਰਨ ਵਾਸਤੇ ਪ੍ਰੇਰਿਆ।

ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ 31 ਰਾਗਾਂ ਵਿੱਚ ਦਰਜ ਕਰਨ ਅਤੇ ਰਾਗਾਂ ਵਿੱਚ ਗਾਇਨ ਦੀ ਵਿਧੀ ਇਸ ਦੀ ਮਿਸਾਲ ਹੈ, ਜਿਸ ਨੂੰ ਆਧਾਰ ਬਣਾ ਕੇ, ਕੀਰਤਨੀਏ ਰਾਗਾਂ ਦਾ ਅਧਿਅਨ ਕਰਦੇ ਹਨ। ਕੀਰਤਨ ਗਾਇਨ ਦੇ ਮਹਾਨ ਗੌਰਵਮਈ ਵਿਰਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਉੱਚਾ ਰੁਤਬਾ ਦਿੱਤਾ। ਇੱਥੋਂ ਤੱਕ ਕਿ ਜੰਗਾਂ ਮੌਕੇ ਵੀ 'ਆਸਾ ਜੀ ਦੀ ਵਾਰ' ਦਾ ਕੀਰਤਨ ਆਪ ਜੀ ਦੇ ਖੁਦ ਗਾਇਨ ਕਰਨ ਦੀਆਂ ਇਤਿਹਾਸਕ ਮਿਸਾਲਾਂ ਸਾਹਮਣੇ ਹਨ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਕੀਰਤਨ ਦਾ ਸਤਿਕਾਰ ਵਧਿਆ ਅਤੇ ਇਹ ਹਮੇਸ਼ਾ ਕਾਇਮ ਹੈ। ਸ਼ਬਦ 'ਨਗਰ' ਦਾ ਭਾਵ ਅਸਥਾਨ ਤੋਂ ਹੈ, ਚਾਹੇ ਪਿੰਡ, ਕਸਬਾ, ਸ਼ਹਿਰ, ਕੁਝ ਵੀ ਹੋਵੇ। ਦੇਸ਼-ਵਿਦੇਸ਼ ਜਿੱਥੇ ਵੀ, ਜਿਸ ਵੀ ਸ਼ਹਿਰ ਵਿੱਚ ਸਿੱਖ ਵੱਸਦੇ ਹਨ, ਉਨ੍ਹਾਂ ਲਈ ਉਹ ਨਗਰ ਹੈ। ਇਉਂ ਨਗਰ ਅਤੇ ਕੀਰਤਨ, ਦੋਹੇਂ ਸ਼ਬਦਾਂ ਦੇ ਜੋੜ ਤੋਂ 'ਨਗਰ ਕੀਰਤਨ' ਬਣਦਾ ਹੈ, ਜਿਸ ਦਾ ਭਾਵ ਹੈ ਵਿਸ਼ੇਸ਼ ਧਾਰਮਿਕ ਮੌਕਿਆਂ 'ਤੇ ਨਗਰ ਵਿੱਚ ਕੀਰਤਨ ਕਰਦੇ ਹੋਏ ਸਿੱਖੀ ਦੀ ਸ਼ੋਭਾ ਵਧਾਉਣੀ ਅਤੇ ਹੋਰਨਾ ਕੌਮਾਂ ਨੂੰ ਇਸ ਤੋਂ ਜਾਣੂ ਕਰਵਾਉਣਾ। ਇਸ ਦਾ ਖਾਸ ਨਿਯਮ ਇਹ ਹੈ ਕਿ ਨਗਰ ਕੀਰਤਨ ਸਜਾਉਂਦੇ ਹੋਏ, ਕੀਰਤਨ ਕਰਦਿਆਂ ਹੋਇਆਂ, ਨਗਰ ਵਿੱਚ ਦੀ ਗੁਜ਼ਰਨਾ। ਨਗਰ ਵਿੱਚ ਕੀਰਤਨ ਗਾਇਨ ਕਰਦੇ ਚੱਲਣਾ। ਕਿਉਂਕਿ ਨਗਰ ਕੀਰਤਨ ਨਿਰੋਲ ਧਾਰਮਿਕ ਅਤੇ ਸਿੱਖੀ ਪ੍ਰਚਾਰ ਦਾ ਜ਼ਰੀਆ ਹੈ, ਇਸ ਕਰਕੇ ਨਗਰ ਕੀਰਤਨ ਵਿੱਚ ਸਿੱਖ ਵਿਰਸੇ ਨਾਲ ਸਬੰਧਤ ਧਾਰਮਿਕ ਪੱਖਾਂ ਨੂੰ ਜੋੜ ਕੇ ਵੇਖਿਆ ਜਾਂਦਾ ਹੈ, ਜਿਵੇਂ ਕਿ ਨਗਰ ਕੀਰਤਨ ਵਿੱਚ ਸਿੱਖਾਂ ਦੀ ਸ਼ਾਨਦਾਰ ਵਿਰਾਸਤ ਦਾ ਪ੍ਰਤੀਕ ਗੱਤਕਾ ਖੇਡਣਾ, ਜੋ ਕਿ ਤਖ਼ਤ ਸਾਹਿਬਾਨਾਂ ਤੋਂ ਲੈ ਕੇ ਹਰ ਗੁਰਦੁਆਰਾ ਸਾਹਿਬ ਤੱਕ ਮੌਜੂਦ ਹੈ। ਇਸ ਦੇ ਨਾਲ ਹੀ ਗੁਰਬਾਣੀ ਦੀ ਕਥਾ-ਵਿਚਾਰ, ਢਾਡੀ, ਕਵੀਸ਼ਰੀ ਪਰੰਪਰਾ, ਇਹ ਸਭ ਸਿੱਖੀ ਦੇ ਧਾਰਮਿਕ ਪੱਖ ਹਨ ਅਤੇ ਨਗਰ ਕੀਰਤਨ ਦਾ ਹਿੱਸਾ ਹਨ। ਪਹਿਲਾਂ ਪਹਿਲ ਇਸ ਸਬੰਧੀ 'ਜਲੂਸ' ਸ਼ਬਦ ਵਰਤਿਆ ਜਾਂਦਾ ਸੀ, ਉਹ ਵੀ ਨਾਂਹ ਵਾਚਕ ਨਹੀਂ ਸੀ, ਬਲਕਿ ਖਾਲਸੇ ਦੀ ਸ਼ਾਨ ਦੇ ਤੌਰ ਤੇ ਜਲੂਸ ਸਜਾਏ ਜਾਣਾ, ਮਹਾਨ ਕਾਰਜ ਵਜੋਂ ਜਾਣਿਆ ਜਾਂਦਾ ਰਿਹਾ ਹੈ। ਹੁਣ ਨਗਰ ਕੀਰਤਨ ਸ਼ਬਦ ਪ੍ਰਚਲਿਤ ਹੋਣਾ ਵੀ ਕੋਈ ਗਲਤ ਨਹੀਂ, ਬਲਕਿ ਚੰਗੀ ਭਾਵਨਾ ਵਿੱਚੋਂ ਪੈਦਾ ਹੋਇਆ ਹੈ।

ਵਰਤਮਾਨ ਸਮੇਂ ਪੰਜਾਬ ਤੋਂ ਬਾਹਰ ਵਿਦੇਸ਼ਾਂ ਵਿੱਚ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਨਗਰ ਕੀਰਤਨ ਦੇ ਮੌਕੇ 'ਤੇ ਇਤਿਹਾਸ ਅਤੇ ਵਿਰਸੇ ਦੇ ਮਹੱਤਵ ਨੂੰ ਪੇਸ਼ ਕਰਦੇ ਪੁਸਤਕਾਂ ਜਾਂ ਪੰਫਲਿਟ, ਗੁਰਮੁਖੀ ਤੋਂ ਇਲਾਵਾ ਅੰਗਰੇਜ਼ੀ ਅਤੇ ਹੋਰਨਾਂ ਭਾਸ਼ਾਵਾ ਵਿੱਚ ਵੰਡੇ ਜਾਣ। ਨਗਰ ਕੀਰਤਨ ਦੇ ਸ਼ੋਭਨੀਕ ਸਰੂਪ ਦੀ ਮਹੱਤਤਾ ਇਹ ਵੀ ਹੈ ਕਿ ਸੰਗਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਮਗਰ ਤੁਰਨ, ਨਾ ਕਿ ਜ਼ਿਆਦਾ ਤਾਦਾਦ ਵਿੱਚ ਗੱਡੀਆਂ ਚੱਲਣ। ਚੱਲਦਿਆਂ ਹੋਇਆਂ ਇਹ ਵੀ ਖਿਆਲ ਰੱਖਿਆ ਜਾਏ ਕਿ ਅਸੀਂ ਗੁਰਬਾਣੀ ਤੇ ਨਗਰ ਕੀਰਤਨ ਦਾ ਸਤਿਕਾਰ ਕਰਦੇ ਹੋਏ ਸਿਰ ਢੱਕੇ ਹਨ ਅਤੇ ਕਿਸੇ ਵੀ ਕਿਸਮ ਦੇ 'ਨਸ਼ਾ ਸੇਵਨ ਤੋਂ ਮੁਕਤ' ਹਾਂ। ਸਿੱਖੀ ਵਿੱਚ ਨਸ਼ਾ ਵਿਵਰਜਤ ਹੈ ਅਤੇ ਇਹ ਸਿਹਤ ਅਤੇ ਮਾਹੌਲ ਖਰਾਬ ਕਰਦਾ ਹੈ। ਨਗਰ ਕੀਰਤਨ ਮੌਕੇ ਕਈ ਵਾਰ ਗੁਰਬਾਣੀ ਪ੍ਰਚਾਰ ਦੀ ਥਾਂ 'ਤੇ ਵੱਖ-ਵੱਖ ਫਲੋਟਾਂ 'ਤੇ ਵਪਾਰੀ-ਕਾਰੋਬਾਰੀ ਪ੍ਰਚਾਰ ਸ਼ੁਰੂ ਹੋ ਜਾਂਦੇ ਹਨ, ਜਿਨ੍ਹਾਂ ਦਾ ਨਗਰ ਕੀਰਤਨ ਨਾਲ ਸਬੰਧ ਨਹੀਂ ਹੁੰਦਾ। ਅਜਿਹਾ ਕਰਨਾ ਨਗਰ ਕੀਰਤਨ ਸਰੂਪ ਅਤੇ ਪਰਿਭਾਸ਼ਾ ਦੇ ਬਿਲਕੁਲ ਉਲਟ ਹੈ ਅਤੇ ਇਸ ਤੋਂ ਗੁਰੇਜ ਕਰਨਾ ਚਾਹੀਦਾ ਹੈ।ਨਗਰ ਕੀਰਤਨ ਦੌਰਾਨ ਸਟੇਜਾਂ ਤੋਂ ਭੰਗੜੇ ਜਾਂ ਗਿੱਧੇ ਆਦਿਕ ਨਾਚਾਂ ਦੀਆਂ ਪੇਸ਼ਕਾਰੀਆਂ ਨਗਰ ਕੀਰਤਨ ਦੇ ਸਰੂਪ ਦੇ ਅਨੁਕੂਲ ਨਹੀਂ। ਇਨ੍ਹਾਂ ਦੀ ਥਾਂ ਦਸਤਾਰਾਂ ਸਜਾਉਣ, ਬੀਰ-ਰਸੀ ਵਾਰਾਂ ਗਾਉਣ ਅਤੇ ਸਿੱਖ ਮਾਰਸ਼ਲ ਆਰਟਸ ਗੱਤਕੇ ਦੇ ਜੌਹਰ ਦਿਖਾਉਣ ਨੂੰ ਪ੍ਰਚਾਰਨਾ ਚਾਹੀਦਾ ਹੈ। ਲੋਕ ਨਾਚ ਪੰਜਾਬੀ ਸੱਭਿਆਚਾਰ ਦਾ ਹਿੱਸਾ ਹਨ ਅਤੇ ਇਨ੍ਹਾਂ ਦੀ ਪੇਸ਼ਕਾਰੀ ਨਗਰ ਕੀਰਤਨ ਦੀ ਜਗ੍ਹਾ, ਵੱਖਰੇ ਮੰਚਾਂ ਤੋਂ ਹੋਣੀ ਚਾਹੀਦੀ ਹੈ। ਇਹ ਨਾ ਵਿਵਾਦ ਦਾ ਵਿਸ਼ਾ ਹੋਣਾ ਚਾਹੀਦਾ ਹੈ ਤੇ ਨਾ ਹੀ ਇਸ 'ਤੇ ਕੋਈ ਸੁਆਲ ਹੀ ਉੱਠਣ ਦੀ ਗੁੰਜਾਇਸ਼ ਹੈ, ਕਿਉਂਕਿ ਨਗਰ ਕੀਰਤਨ ਦਾ ਭਾਵ ਕੀਰਤਨ ਤੋਂ ਹੈ, ਜੋ ਨਗਰ 'ਚੋਂ ਗੁਜ਼ਰਦਿਆਂ ਸ਼ਰਧਾ-ਸਤਿਕਾਰ ਅਤੇ ਪ੍ਰੇਮ -ਰਸ ਵਿੱਚ ਭਿੱਜ ਕੇ ਕੀਤਾ ਜਾਂਦਾ ਹੈ।


ਸਿੱਖ ਵਿਰਸੇ ਅਤੇ ਇਤਿਹਾਸ ਨਾਲ ਸਬੰਧਤ ਵਿਚਾਰਾਂ, ਨਗਰ ਕੀਰਤਨ ਦਾ ਮੂਲ ਮਨੋਰਥ ਹੋਣੀਆਂ ਚਾਹੀਦੀਆਂ ਹਨ, ਜਿਹਨਾਂ ਵਿੱਚ ਸਿੱਖ ਕੌਮ ਦੇ ਲੰਮੇ ਸੰਘਰਸ਼ ਅਤੇ ਚੁਣੌਤੀਆਂ ਸਬੰਧੀ ਖਾਲਸੇ ਦੇ ਨੁਕਤਾ-ਨਿਗਾਹ ਤੋਂ ਵਿਚਾਰਾਂ ਹੋਣ। ਇੱਥੇ ਇਹ ਚੰਗੀ ਗੱਲ ਹੈ ਕਿ ਜੇਕਰ ਵੱਖ- ਵੱਖ ਸਟੇਜਾਂ ਤੋਂ ਨਗਰ ਕੀਰਤਨ ਦੇ ਇਤਿਹਾਸਕ ਮਹੱਤਵ ਅਤੇ ਸਿੱਖੀ ਨਾਲ ਸਬੰਧਤ ਕਾਰਜਾਂ ਬਾਰੇ ਸੰਬੰਧਿਤ ਧਿਰਾਂ ਵੱਲੋਂ ਨਿਭਾਈਆਂ ਜਾ ਰਹੀਆਂ ਭੂਮਿਕਾਵਾਂ ਦੀ ਜਾਣਕਾਰੀ ਦਿੱਤੀ ਜਾਵੇ, ਨਾ ਕਿ 'ਨਿੱਜੀ ਪ੍ਰਚਾਰ' ਨਗਰ ਕੀਰਤਨ ਦਾ ਕੇਂਦਰ ਬਿੰਦੂ ਹੋਣ। ਸੰਗਤ ਰੂਪ ਵਿੱਚ ਨਗਰ ਕੀਰਤਨ ਦੀ ਪਰਿਭਾਸ਼ਾ ਅਤੇ ਸਰੂਪ ਦੇ ਅਨੁਕੂਲ ਚੱਲਦਿਆਂ ਇਹ ਯਤਨ ਹੋਵੇ ਕਿ ਇਹ ਮਨੋਰੰਜਨ ਦਾ ਕੇਂਦਰ ਬਿੰਦੂ ਨਾ ਹੋ ਕੇ, ਮਹਾਨ ਵਿਰਸੇ ਦੀ ਇਤਿਹਾਸਕ ਜਾਣਕਾਰੀ ਦਾ ਕੇਂਦਰ ਹੈ।ਅਜਿਹੀ ਸੋਚ ਨਾਲ ਹੀ ਨਗਰ ਕੀਰਤਨ ਵਿੱਚ ਸ਼ਾਮਲ ਹੋਇਆ ਜਾਵੇ।

ਨਗਰ ਕੀਰਤਨ ਮੌਕੇ ਥਾਂ-ਥਾਂ ਲੱਗੇ ਸਟਾਲਾਂ ਦੀ ਸੇਵਾ ਜਿੱਥੇ ਬਹੁਤ ਅਹਿਮ ਹੈ, ਉੱਥੇ ਇਹ ਵੀ ਖਿਆਲ ਰੱਖਿਆ ਜਾਵੇ ਕਿ 'ਨਿਰਾ ਭੋਜਨ ਵੰਡਣ' 'ਤੇ ਹੀ ਅਸੀਂ ਕੇਂਦਰਿਤ ਨਾ ਹੋ ਜਾਈਏ, ਸਗੋਂ 'ਸ਼ਬਦ ਦੇ ਲੰਗਰ' ਭਾਵ ਕਿਤਾਬਾਂ ਦੇ ਸਟਾਲ ਵੱਧ ਤੋਂ ਵੱਧ ਲਗਾਏ ਜਾਣ। ਕੌੜੀ ਸਚਾਈ ਹੈ ਕਿ ਨਗਰ ਕੀਰਤਨ ਮੌਕੇ ਵਧੇਰੇ ਲੋਕ ਭੋਜਨ ਦੇ ਸਟਾਲਾਂ 'ਤੇ ਹੀ ਇਕੱਤਰ ਹੁੰਦੇ ਹਨ। ਕਈ ਵਾਰ ਤਾਂ ਇੰਝ ਜਾਪਦਾ ਹੈ ਜਿਵੇਂ ਹੱਦੋਂ ਵੱਧ ਖਾ ਕੇ, ਇੱਕੋ ਦਿਨ ਵਿੱਚ ਸਾਰੀ ਭੁੱਖ ਪੂਰੀ ਕਰਨੀ ਹੋਵੇ। ਖਾਣ-ਪੀਣ ਦੇ ਸਟਾਲਾਂ ਵਿਚ ਵੀ ਪੌਸ਼ਟਿਕ ਭੋਜਨ ਦੀ ਥਾਂ, ਸੁਆਦਲੇ ਭੋਜਨ 'ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਲੋਕ ਪੂੜ੍ਹੀਆਂ, ਸਮੋਸੇ, ਟਿੱਕੀਆਂ ਦੇ ਸਟਾਲਾਂ ਤੇ ਵੱਡੀ ਤਾਦਾਦ ਵਿੱਚ ਨਜ਼ਰ ਆਉਂਦੇ ਹਨ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਨਗਰ ਕੀਰਤਨ ਮੌਕੇ ਫ਼ਲ ਫਰੂਟ ਅਤੇ ਸਲਾਦ ਆਦਿ ਦੇ ਸਟਾਲਾਂ 'ਤੇ ਰੌਣਕ ਨਜ਼ਰ ਨਹੀਂ ਆਉਂਦੀ। ਤੇਲ ਵਾਲੀਆਂ ਚੀਜ਼ਾਂ ਅਤੇ ਸ਼ੂਗਰ ਵਾਲੇ ਪਦਾਰਥ ਇੱਕੋ ਦਿਨ ਵਿੱਚ ਖਾ ਕੇ ਲੋਕ ਕਿੰਨਾ ਸਰੀਰਕ ਨੁਕਸਾਨ ਕਰਦੇ ਹਨ, ਇਸ ਦਾ ਅੰਦਾਜ਼ਾ ਲਾਉਣਾ ਵੀ ਔਖਾ ਹੈ। ਇਸ ਤੋਂ ਇਲਾਵਾ ਖਾਣ-ਪੀਣ ਲਈ ਜਿੱਥੇ ਸਾਫ਼ ਸਫ਼ਾਈ ਦਾ ਖ਼ਿਆਲ ਰੱਖਣਾ ਬੜਾ ਉਚਿਤ ਹੈ, ਉੱਥੇ ਪਲਾਸਟਿਕ ਦੀ ਵਰਤੋਂ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਤ ਕਰਨਾ ਵੀ ਗਲਤ ਹੈ। ਇਸ ਤੋਂ ਗੁਰੇਜ਼ ਕੀਤਾ ਜਾਣਾ ਬਣਦਾ ਹੈ। ਗੁਰਬਾਣੀ ਦੀਆਂ ਪੰਗਤੀਆਂ ਤੇ ਗੁਰਮੁੱਖੀ ਅੱਖਰਾਂ ਦਾ ਸਤਿਕਾਰ ਕਰਨਾ ਵੀ ਸਾਡਾ ਫਰਜ਼ ਹੈ। ਆਮ ਦੇਖਿਆ ਜਾਂਦਾ ਹੈ ਕਿ ਅਜਿਹੇ ਮੌਕਿਆਂ 'ਤੇ ਅਜਿਹੇ ਦਸਤਾਵੇਜ਼ ਪੈਰਾਂ ਵਿੱਚ ਰੁਲ ਰਹੇ ਹੁੰਦੇ ਹਨ, ਜੋ ਕਿ ਗੁਰਮੁਖੀ ਅਤੇ ਪੰਜਾਬੀ ਦਾ ਨਿਰਾਦਰ ਹੈ। ਖਾਲਸਾ ਦਿਹਾੜੇ ਦੇ ਨਗਰ ਕੀਰਤਨ ਵਿੱਚ ਸਿੱਖ ਸੰਗਤਾਂ ਅਤੇ ਹੋਰਨਾਂ ਕੌਮਾਂ ਦੇ ਲੋਕਾਂ ਨੂੰ ਇਸ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਜਾਏ।

ਖ਼ਾਲਸਾ ਦਿਵਸ ਜਿੱਥੇ ਇੱਕ ਪਾਸੇ ਜ਼ਾਤ-ਪਾਤ ਦੇ ਵਿਤਕਰੇ ਨੂੰ ਸਦਾ ਲਈ ਖਤਮ ਕਰਨ ਦਾ ਸੁਨੇਹਾ ਹੈ, ਓਥੇ ਦੂਜੇ ਪਾਸੇ ਜ਼ਾਲਮ ਸਰਕਾਰਾਂ ਦੀ ਧੱਕੇਸ਼ਾਹੀ ਖ਼ਿਲਾਫ਼ ਸਿੱਖ ਇਨਕਲਾਬ ਹੈ। ਦੁੱਖ ਇਸ ਗੱਲ ਦਾ ਹੈ ਕਿ ਅੱਜ ਫਿਰ ਭਾਰਤ ਦਾ ਭਗਵਾਂਕਰਨ ਹੋ ਚੁੱਕਿਆ ਹੈ। ਮਨੂ ਸਮ੍ਰਿਤੀ ਤ੍ਰਿਸ਼ੂਲ ਚੁੱਕੀ ਫਿਰ ਰਹੀ ਹੈ। ਨਫਰਤ ਵਧ ਰਹੀ ਹੈ। ਉਚ ਜਾਤੀਏ ਦੱਬੇ-ਕੁਚਲੇ ਭਾਈਚਾਰੇ ਦੇ ਲੋਕਾਂ 'ਤੇ ਜ਼ੁਲਮ ਕਰ ਰਹੇ ਹਨ। ਘੱਟ ਗਿਣਤੀਆਂ ਦਾ ਘਾਣ ਹੋ ਰਿਹਾ ਹੈ। ਪੰਜਾਬ ਵਿੱਚ ਸਿੱਖ ਨੌਜਵਾਨਾਂ ਖ਼ਿਲਾਫ਼ ਕਾਲੇ ਕਾਨੂੰਨ ਨੈਸ਼ਨਲ ਸਕਿਉਰਟੀ ਐਕਟ ਆਦਿ ਲਗਾਏ ਜਾ ਰਹੇ ਹਨ। ਜਬਰ ਖਿਲਾਫ ਲਾਮਬੰਦ ਕਰਨ ਲਈ ਜ਼ਰੂਰੀ ਹੈ ਕਿ ਨਗਰ ਕੀਰਤਨ ਮੌਕੇ ਝਾਕੀਆਂ ਦੌਰਾਨ ਅਜਿਹੇ ਸਰਕਾਰੀ ਤਸ਼ੱਦਦ ਤੋਂ ਸਿੱਖ ਸੰਗਤਾਂ ਅਤੇ ਹੋਰਨਾਂ ਕੌਮਾਂ ਨੂੰ ਜਾਣੂੰ ਕਰਵਾਇਆ ਜਾਏ।

ਜ਼ੁਲਮ ਦੇ ਖਿਲਾਫ਼ ਇਤਿਹਾਸ ਅਤੇ ਵਿਰਸੇ ਬਾਰੇ ਗਿਆਨ ਦਾ ਪਾਸਾਰ ਕਰਨਾ ਨਗਰ ਕੀਰਤਨ ਦਾ ਮਨੋਰਥ ਹੈ, ਨਾ ਕਿ ਮੌਜ-ਮੇਲਿਆਂ ਨੂੰ ਨਗਰ ਕੀਰਤਨ ਆਖਣਾ ਠੀਕ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਖਾਲਸਾ ਦਿਹਾੜੇ ਦੇ ਮੁਕੰਮਲ ਇਤਿਹਾਸ ਤੋਂ ਭਾਵਪੂਰਤ ਢੰਗ ਨਾਲ ਜਾਣੂ ਕਰਵਾਇਆ ਜਾਣਾ ਬਹੁਤ ਜ਼ਰੂਰੀ ਹੈ। ਇਹ ਤਦ ਹੀ ਹੋ ਸਕਦਾ ਹੈ ਜੇ ਸਾਨੂੰ ਆਪ ਨੂੰ ਆਪਣੇ ਮਹਾਨ ਵਿਰਸੇ ਦੀ ਸੋਝੀ ਹੋਵੇ। ਜਿਹੜੇ ਸਕੂਲਾਂ- ਅਕੈਡਮੀਆਂ ਦੇ ਬੱਚੇ ਇਤਿਹਾਸ ਦੀ ਜਾਣਕਾਰੀ ਨਾਲ ਸਜ-ਧਜ ਕੇ ਖਾਲਸਾਈ ਪਹਿਰਾਵੇ ਵਿੱਚ ਨਗਰ ਕੀਰਤਨ ਦੀ ਸ਼ੋਭਾ ਵਧਾਉਂਦੇ ਹਨ, ਉਨ੍ਹਾਂ ਦੇ ਮਾਪੇ ਅਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਮੌਕੇ ਹਉਮੈ, ਹੰਕਾਰ ਅਤੇ ਕ੍ਰੋਧ ਦੀ ਥਾਂ ਨਿਮਰਤਾ, ਸਤਿਕਾਰ ਅਤੇ ਪ੍ਰੇਮ ਨਾਲ ਸ਼ਾਮਿਲ ਹੋਣਾ ਚਾਹੀਦਾ ਹੈ। ਤਦ ਹੀ ਅਸੀਂ ਨਗਰ ਕੀਰਤਨ ਦੀ ਸ਼ਾਨ ਅਤੇ ਗੁਰੂ ਦੇ ਸਤਿਕਾਰ ਦੇ ਧਾਰਨੀ ਹੋ ਸਕਦੇ ਹਾਂ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਪ੍ਰੈਸ਼ਨਵਾਸ਼ਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

# ਵਿਸਾਖੀ ਤੇ ਲੰਗਰ

ਲਿਖਤ : ਰਣਵੀਰ ਸਿੰਘ ਰਾਣਾ

ਚਾਚਾ ਸੋਫ਼ੇ ਤੇ ਬੈਠਾ ਪੇਪਰ ਪੜ੍ਹ ਰਿਹਾ ਸੀ । ਵਿਸਾਖੀ ਆ ਚੁੱਕੀ ਸੀ । ਸਾਰੇ ਇੰਗਲੈਂਡ ਦੇ ਟਾਊਨਾਂ ਵਿੱਚ ਵਿਸਾਖੀ ਦੇ ਨਗਰ ਕੀਰਤਨਾਂ ਦੀਆਂ ਜੰਗੀ ਪੱਧਰ 'ਤੇ ਤਿਆਰੀ ਕੀਤੀ ਜਾ ਰਹੀ ਸੀ । ਵਿਸਾਖੀ ਦੇ ਪ੍ਰੋਗ੍ਰਾਮ ਦੇ ਵਾਰੇ ਪੇਪਰ, ਟੈਲੀ ,ਰੇਡੀਓ ,'ਤੇ ਵਿਸਤਾਰ ਸਾਹਿਤ ਦੱਸਿਆ ਜਾ ਰਿਹਾ ਸੀ , ਚਾਚੇ ਦੇ ਟਾਊਨ ਵਿੱਚ "ਇੱਕੀ ਅਪ੍ਰੈਲ " ਵਾਲੇ ਦਿਨ ਵਿਸਾਖੀ ਦਾ ਨਗਰ ਕੀਰਤਨ ਦਾ ਪ੍ਰੋਗ੍ਰਾਮ ਸੀ । " ਚਾਚਾ ਸੋਚਣ ਲੱਗਾ ਚਾਰ ਮੀਲ ਦੇ ਘੇਰੇ ਵਿੱਚ ਤੀਹ ਕੁ ਵਾਰੀ ਲੰਗਰ ਛੱਕ ਲਈਦਾ " ਕਿਉਂ ਨਾਂ ਐਤਕੀਂ ਮੈ ਵੀ ਲੰਗਰ ਲਾ ਦੇਵਾਂ , ਇਹ ਬੜਾ ਸੁਭ ਵਿਚਾਰ ਆ , 'ਫੇਰ ਦੇਰ ਕਿਸ ਗੱਲ ਦੀ ?" ਚਾਚੇ ਦੇ ਮਨ ਨੇ ਕਿਹਾ ,

ਏਹ ਸੋਚਕੇ ਚਾਚੇ ਨੇ ਆਪਣੇ ਬਰਮੀਗੰਮ ਵਾਲੇ ਮਿੱਤਰਾਂ ਨੂੰ ਟੈਲੀਫੂਨ ਖੜਕਾ ਦਿੱਤੇ , ਕੁਝ ਕੁ ਨੂੰ ਵੱਟਸੱਪ 'ਤੇ ਮੈਸਿਜ ਭੇਜ ਦਿੱਤੇ , " ਲੰਗਰ ਦਾ ਸਮਾਨ ਤਿਆਰ ਕਰਨ ਨੂੰ ਕਿਹਾ " ਕੁਰਸੀਆਂ ਤੇ ਟੈਂਟ ਦਾ ਪ੍ਰਬੰਧ ਮੈ ਆਪ ਕਰ ਲਵਾਂਗਾ । ਪਹਿਲਾ ਤੇ ਮਿੱਤਰਾਂ ਨੇ ਸੋਚਿਆ , ਚਾਚਾ ਸ਼ਾਇਦ ਉਹਨਾਂ ਨਾਲ ਮਖੌਲ ਕਰਦਾ , ਉਹਨੂੰ ਆਪਣੇ ਚੂੰਡੀ ਵੱਡਕੇ ਵੇਖਿਆ ' ਆਪਣੇ ਭਾਈਚਾਰੇ ਵਿੱਚ ਤਾਂ ਐਦਾ ਕਦੇ ਸੋਚਿਆ ਨ੍ਹੀ ਜਾ ਸਕਦਾ ? " ਪਰ ਚਾਚਾ ਦਾ ਸਨੇਹਾਂ ਸੁਣਕੇ , ਚਾਚੇ ਤੇ ਇਤਬਾਰ ਕਰਕੇ , ਲੰਗਰ ਤਿਆਰ ਕਰਨ ਲੱਗ ਪਏ । ਨਗਰ ਕੀਰਤਨ ਵਾਲਾ ਦਿਨ ਆ ਗਿਆ , ਚਾਚੇ ਨੇ ਆਪਣੇ ਸਾਥੀਆਂ ਨਾਲ ਮਿਲਕੇ ਟੈਂਟ ਲਾਕੇ , ਲੰਗਰ ਵਧੀਆ ਤਰੀਕੇ ਨਾਲ ਟਿਕਾ ਦਿੱਤਾ । ਜਦੋਂ ਨਗਰ ਕੀਰਤਨ ਚਾਚੇ ਦੇ ਟੈਂਟ ਦੇ ਲਾਗੇ ਆਇਆ ਚਾਚੇ ਨੇ ਮੁੰਡਿਆਂ ਨੂੰ ਕਿਹਾ ,' ਗੱਭਰੂ ਤਕੜੇ ਹੋ ਜਾਉ ਆਪਣਾ ਲੰਗਰ ਮਿੰਟਾਂ ਵਿੱਚ ਖਤਮ ਹੋ ਜਾਣਾ 'ਸਮਝੇ ' ਦੋ ਚਾਰ ਬੀਬੀਆਂ ਚਾਚੇ ਦੇ ਲੰਗਰ ਵੱਲ ਨੂੰ ਆਈਆਂ , ਚਾਚੇ ਨੇ ਬੜੇ ਪਿਆਰ ਨਾਲ ਬੀਬੀਆਂ ਨੂੰ ਸ੍ਰਤਿ ਸੀ ਅਕਾਲ ਬੁਲਾਈ , ਬੀਬੀਆਂ ਜਿੰਦਾ ਆਈਆਂ ਚਾਚੇ ਦਾ ਲੰਗਰ ਦੇਖਕੇ ਉਹਨੀ ਪੈਰੀਂ ਮੁੜ ਗਈਆਂ । ' ਚਾਚਾ ਹੈਰਾਨ ਹੋ ਗਿਆ ' ਲੰਗਰ ਤਾਂ ਉਹਨਾਂ ਕੀ ਛੱਕਣਾਂ ਸੀ , ਚਾਚੇ ਦੀ ਸ੍ਰਤਿ ਸੀ ਅਕਾਲ ਦਾ ਵੀ ਜਵਾਬ ਨਾ ਦਿੱਤਾ ! ਚਾਚਾ ਕੀ ਵੇਖਦਾ ਦੋ ਬੰਦੇ ਬੜੇ ਸਮਾਟ



ਕੋਟ ਪੈਂਟ ਪਾਇਆ ਤੇ ਟਾਈ ਲਾਈ ਹੋਈ , ਬੜੇ ਪੜੇ ਲਿਖੇ ' ਤ ਸਮਝਦਾਰ ' ਲੱਗੇ ਚਾਚੇ ਨੇ ਸੋਚਿਆ ਇਹ ਲੰਗਰ ਨੂੰ ਟੁੱਟਕੇ ਪੈਣਗੇ , ਪਰ ਚਾਚੇ ਦੀ ਸੋਚ ਦੇ ਉਲਟ ਇੰਨਾਂ ਕਹਿਕੇ ਚਲੇ ਗਏ " ਨਾਂ ਲੰਗਰ ਕਿਸੇ ਚੰਗੀ ਚੀਜ਼ ਦਾ ਲਾ ਲੈਂਦੇ ਐਵੇਂ ਥਾਂ ਘੇਰੀ ਬੇਠੇ ਆ " ਫੇਰ ਇੱਕ ਬੀਬੀ ਕਾਹਲੇ ਕਦਮੀ ਚਾਚੇ ਦੇ ਲੰਗਰ ਵੱਲ ਨੂੰ ਵਧੀ , ਦੋ ਬੈਗ ਉਹਦੇ ਹੱਥ ਵਿੱਚ ਇੱਕ ਬੈਗ ਵਿੱਚ ਕੁੱਝ ਸੀ ਤੇ ਇੱਕ ਬੈਗ ਦਾ ਮੂੰਹ ਖੋਲ ਰਹੀ ਸੀ । ਚਾਚੇ ਨੇ ਸੋਚਿਆ ਇਹ " ਪ੍ਰੇਮਣ " ਲੱਗਦੀ ਆ , ਕੋਲ ਆ ਕੇ ਜਦੋਂ ਬੀਬੀ ਨੇ ਪੁੱਛਿਆ " ਵੇ ਵੀਰਾ ਤੁਸੀਂ ਕਾਹਦਾ ਲੰਗਰ ਲਾਇਆ ਹੋਇਆ ?" ਚਾਚੇ ਨੇ ਬੜੇ ਪ੍ਰੇਮ ਸਾਹਿਤ ਦੱਸਿਆ , " ਬੀਬੀ ਕਿਤਾਬਾਂ ਦਾ ਲੰਗਰ ਆ , ਦੱਸੋ ਕਿੰਨੀਆਂ ਕਿਤਾਬਾਂ ਤਹਾਨੂੰ ਚਾਹੀਦੀਆਂ ?" ਬੀਬੀ ਤਾਂ ਕਿਤਾਬਾ ਸੁਣਕੇ ਧੜੰਮ ਕਰਕੇ ਡਿੱਗ ਪਈ , ਨਾਲੇ ਡਿੱਗਦੇ ਸਾਰ ਬਹੋਸ਼ ਹੋ ਗਈ , ਚਾਚੇ ਦੇ ਸਾਥੀਆਂ ਨੇ ਮਸੀ ਪਾਣੀ ਪਿਲਾਕੇ ਬੀਬੀ ਨੂੰ ਹੋਸ਼ ਵਿੱਚ ਲਿਆਂਦਾ । 'ਕਿੱਥੇ ਪੰਗਾ ਪੈ ਚੱਲਿਆ ਸੀ ' ਬੀਬੇ ਦੇ ਘਰਦਿਆ ਨੇ ਸਾਨੂੰ ਛੱਡਣਾਂ ਨਹੀਂ ਸੀ , ਸਾਡੀ ਤੁਸੀਂ ਬੁੜੀ ਮਾਰ ਦਿੱਤੀ ?" ਚਾਚੇ ਦੇ ਨਾਲ ਸਾਥੀ ਚਾਚੇ ਵੱਲ ਅੱਖਾਂ ਕੱਢ ਕੱਢ ਵੇਖ ਰਹੇ ਸੀ , ਨਾਲੇ ਆਖ ਰਹੇ ਸੀ ਤੈ ਸਾਨੂੰ ਨਗਰ ਕੀਰਤਨ ਵੀ ਨਹੀਂ ਦੇਖਣ ਦਿੱਤਾ !

'ਨਾਲੇ ਜਿੰਦਾ ਕਿਤਾਬਾਂ ਬਕਸਿਆਂ ਚੋ ਕੱਢੀਆਂ ਸੀ ਉਸ ਤਰਾਂ ਵਾਪਸ ਬਕਸਿਆਂ ਵਿੱਚ ਪਾ ਰਹੇ ਸੀ । ਜਦੋਂ ਨੂੰ ਦੋ ਤਿੰਨ ਗੋਰੇ ਚਾਚੇ ਵੱਲ ਨੂੰ ਆ ਰਹੇ ਸੀ 'ਚਾਚੇ ਨੇ ਬਹੁਤਾ ਧਿਆਨ ਨਾਂ ਦਿੱਤਾ ' ਉਹਨਾਂ ਕੋਲ ਆਕੇ ਬੜੀ ਗਰਮਜੋਸੀ ਨਾਲ ਚਾਚੇ ਨਾਲ ਹੱਥ ਮਿਲਾਇਆ ,' ਨਾਲੇ ਕੁਝ ਕਿਤਾਬਾਂ ਦੀ ਮੰਗ ਕੀਤੀ ' ਕੁਦਰਤੀ ਚਾਚੇ ਨੇ ਚਾਰ ਕੁ ਕਿਤਾਬਾਂ ਇੰਗਲਿਸ਼ ਦੀਆਂ ਇੱਥੇ ਦੇ ਜੰਮਿਆ ਬੱਚਿਆਂ ਲਈ ਰੱਖੀਆਂ ਹੋਈਆਂ ਸੀ । ਉਹ ਗੋਰਿਆਂ ਨੂੰ ਫੜਾ ਦਿੱਤੀਆਂ , ਗੋਰਿਆਂ ਨੇ ਧੰਨਵਾਦ ਕਰਦਿਆਂ ਕੁਝ ਕੁ ਪੌਂਡ ਚਾਚੇ ਦੀ ਰੱਖੀ ਹੋਈ " ਡੋਨੇਸਨ ਬੁੱਗੀ " ਵਿੱਚ ਚਾਚੇ ਦੇ ਹੱਥ ਫੜਦਿਆਂ ਪਾ ਦਿੱਤੇ । ਗੋਰੇ ਆਖਣ ਲੱਗੇ ਸਾਡੀ ਕੌਮ ਨੂੰ ਹਾਲੇ 'ਮੁਫਤ ਵਿੱਚ ਖਾਣ ਦੀ ਆਦਤ ਨਹੀਂ ਪਈ ?' ਅਗਲੇ ਸਾਲ ਕੁਝ ਹੋਰ ਵੀ ਇੰਗਲਿਸ਼ ਦੀਆਂ ਕਿਤਾਬਾਂ ਲਿਆਂਇਓ , ਇੰਨਾਂ ਕਹਿਕੇ ਗੋਰੇ' ਔਹ ਗਏ ' ਚਾਚਾ ਉਹਨਾਂ ਤੁਰੇ ਜਾਂਦਿਆਂ ਵੱਲ ਵੇਖਦਾ ਰਹਿਆਂ, ਨਾਲੇ ਆਪਣੇ ' ਸੋਚਾਂ ਦੀਆਂ ਤੰਦਾਂ ' ਨੂੰ ਹਲੂਣਾਂ ਦਿੰਦਾ ਰਹਿਆ ।

ਚਾਚੇ ਦੀ ਨਿਗਾਂ ਦੂਜੇ ਪਾਸੇ 'ਲੱਗੇ ਹੋਏ ਲੰਗਰਾਂ ' ਪਈ ਜਿੱਥੇ ਤੇਲ ਚੋ ਤਲੇ ਹੋਏ ਪਕੌੜੇ ,ਸਮੋਸੇ, ਸਪ੍ਰਿੰਗ ਰੋਲ ,ਭਟੂਰੇ , ਘਿਉ ਚੋ ਚੋਂਦੇ ਚੋਂਦੇ ਪਰੋਂਡੇ ,ਚੀਸ ਨਾਲ ਪੀਜਾ ,ਲੋਕੀ ਵਾਹੋ-ਦਾਹੀ ਛੱਕ ਰਹੇ ਸੀ । ਪਿਛਲੇ ਕੁਝ ਸਮੇ 'ਤ ਡਾਕਟਰ ਲੋਕਾਂ ਨੂੰ ਇਹਨਾਂ ਚੀਜ਼ਾਂ ਤੋਂ ਵਰਜ ਰਹੇ ਸੀ , ਕਿ ਤਲੀਆਂ ਹੋਈਆਂ ਚੀਜ਼ਾਂ ਠੰਢੇ ਦੇਸ਼ ਵਿੱਚ ਜ਼ਹਿਰ ਹਨ । ਪਰ ਕੌਣ ਪ੍ਰਵਾਹ ਕਰਦਾ , ਭਾਰ ਤਾਂ ਅਸੀ ਬੀਮਾਰ ਹੋਕੇ ਇੱਥੋਂ ਦੀਆਂ ਸਰਕਾਰਾਂ ਤੇ ਪਾਉਣਾ ਆ , ਚਾਚਾ ਸੋਚਣ ਲੱਗਾ ਸਾਡਾ ਮਹਾਂਪੁਰਸ਼ਾਂ ਨੇ ਦੋ ਪ੍ਰਸਾਦੇ ਤੇ ਸ਼ਾਦੀ ਦਾਲ ਦਾ ਲੰਗਰ ਲਗਾਇਆ ਸੀ । ਜਿਹੜਾ ਸਾਡੇ ਸਰੀਰ ਲਈ ਬੜਾ ਤਾਕਤਵਾਰ ਸੀ ਬੀਮਾਰੀਆਂ ਤੋਂ ਵੀ ਦੂਰ ਰੱਖਦਾ ਸੀ ।

ਚਾਚੇ ਦੇ ਕੋਲ ਬੈਠੇ ਸਾਥੀਆਂ ਨੇ ਚਾਚੇ ਨੂੰ ਕਿਹਾ ਸਿਆਣਿਆਂ ਦਾ ਇੱਕ ਕਥਨ ਆ , ' ਕਈ ਪੰਜਾਬੀ ਪੀੜੀਆਂ ਤੱਕ ਵੈਰ ਪੁਗਾਉਦੇ ਨੇ ' ਚਾਚਾ ਆਖਣ ਲੱਗਾ ਇੱਥੇ ਤਾਂ ਨਗਰ ਕੀਰਤਨ ਤੇ ਲੋਕੀ ਨਾਮ ਸਿਮਰਨ ਕਰਦੇ ਨੇ , ਗੁਰਬਾਣੀ ਦਾ ਸ਼ਦੇਸ ਦੇਦੇ ਨੇ , ਸਾਂਝੇ ਭਾਈਚਾਰੇ ਦੀਆਂ ਗੱਲਾਂ ਕਰਦੇ ਨੇ ਇੱਥੇ ਵੈਰ ਵਿਰੋਧ ਕਿੱਧਰੋ ਆ ਗਿਆ ?" ' ਲੈ ਚਾਚਾ ਸੁਣ ਲੈ ' ਵੈਰ ਵਿਰੋਧ ਦੀ ਗੱਲ , ਚਾਚਾ ਅਸੀਂ ਸੁਣਿਆ ਕਿ ਸਾਡਾ ਭਾਈਚਾਰੇ ਕਈ ਪੀੜੀਆਂ ਤੋਂ ਕਿਤਾਬਾਂ ਦਾ ਵੈਰੀ ਆ । ਇਹ ਤੈ ਵੀ ਦੇਖ ਲਿਆ, ਅਸੀਂ ਵੀ ਦੇਖ ਲਿਆ ਅੱਜ , ਇਹਨਾਂ ਦੀ ਅਗਲੀ ਪੀੜੀ ਵੀ ਉਨੀ ਵੈਰੀ ਆ ਜਿੰਨੀ ਪੁਰਾਣੀ ਪੀੜੀ ਸੀ । 'ਹੁਣ ਚਾਚਾ ਅਗਲੇ ਸਾਲ ਵੀ ਲੰਗਰ ਲਾਉਣਾ, ਕਿ ਇਹ ਪਹਿਲਾ ਤੇ ਆਖ਼ਰੀ ਲੰਗਰ ਆ । ਚਾਚੇ ਨੇ ਚੁੱਪ ਵੱਟ ਲਈ ਅਗਲੇ ਦਿਨ ਚਾਚੇ ਨੇ ਸਾਰੇ ਪੇਪਰ ਫਰੋਲ ਕੇ ਵੇਖ ਲਏ ,

ਟੈਲੀ ਵੇਖ ਲਏ , ਨੈਟ ਫਰੋਲ ਕੇ ਵੇਖ ਲਏ , ਕਿਤੇ ਵੀ ਚਾਚੇ ਦੇ ਲੰਗਰ ਦੀ ਕੋਈ ਚਰਚਾ ਨਹੀਂ ਸੀ ।

# ਖ਼ਾਲਸਾ ਸਾਜਨਾ ਦਿਵਸ, ਸਿੱਖਾਂ ਦਾ ਕੌਮੀ ਤਿਉਹਾਰ ਕਦੋਂ ਬਣੇਗਾ...?

ਜਸਪਾਲ ਸਿੰਘ ਹੇਰਾਂ

ਵਿਸਾਖੀ ਖ਼ਾਲਸੇ ਦਾ ਸਾਜਨਾ ਦਿਵਸ ਹੈ। ਦੁਨੀਆ ਦੀ ਨਿਆਰੀ ਕੌਮ ਦਾ ਜਨਮ-ਦਿਹਾੜਾ। ਇਸ ਲਈ ਇਸ ਦਿਹਾੜੇ ਦੀ ਮਹੱਤਤਾ ਵੀ ਨਿਆਰੀ ਹੈ ਅਤੇ ਇਸ ਨੂੰ ਮਨਾਇਆ ਵੀ ਨਿਰਾਲੇ ਰੂਪ 'ਚ ਜਾਣਾ ਚਾਹੀਦਾ ਹੈ, ਜਿਸ ਤੋਂ ਪੂਰੇ ਵਿਸ਼ਵ ਨੂੰ ਇਸ ਦਿਹਾੜੇ ਦੀ ਮਹਾਨਤਾ ਦਾ ਗਿਆਨ ਹੋਵੇ ਅਤੇ ਸਿੱਖ ਪੰਥ 'ਚ ਆਪਣੇ ਕੌਮੀ ਦਿਹਾੜੇ ਪ੍ਰਤੀ ਇੱਕ ਵਿਸ਼ੇਸ਼ ਚਾਅ, ਉਤਸ਼ਾਹ, ਉਮੰਗ, ਜੋਸ਼ ਅਤੇ ਪ੍ਰਾਪਤੀ ਦਾ ਸੰਕਲਪ ਜਾਗੇ। ਵਿਸਾਖੀ, ਖ਼ਾਲਸੇ ਦੀ ਸਿਰਜਣਾ ਦਾ ਦਿਹਾੜਾ ਹੈ, ਇਹ ਉਸ ਇਨਕਲਾਬ ਦੀ ਆਰੰਭਤਾ ਹੈ, ਜਿਸ ਇਨਕਲਾਬ ਨੇ ਧਰਤੀ ਦੀ 'ਸਿਰਦਾਰੀ' ਧਰਤੀ ਦੇ ਮਨੁੱਖ ਨੂੰ ਸੌਂਪੀ ਅਤੇ ਬਰਾਬਰੀ ਵਾਲੇ ਸਮਾਜ ਦੀ ਨੀਂਹ ਰੱਖੀ। ਪ੍ਰਮਾਤਮ ਕੀ ਮੌਜ ਵਿਚੋਂ ਉਪਜਿਆ ਖ਼ਾਲਸਾ ਸੂਰਮਿਆਂ ਦਾ ਪੰਥ ਹੈ, ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਊਂਦੇ ਹਨ। ਇਹ ਪੰਥ ਦੀ ਰੰਗ ਰੱਤੜੀ ਹਸਤੀ, ਬਾਣੀ ਨਾਲ ਜੁੜੀ, ਪਿਆਰ ਵਿਗੁਤੀ, ਸ਼ਕਤੀਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖੌਲਾਂ ਕਰਦੀ, ਮੌਤ ਨੂੰ ਜੱਫ਼ੀਆਂ ਪਾਉਂਦੀ, ਨਾਇਕਾਂ ਵਾਂਗ ਜਿਊਂਦੀ, ਜੀਵਨ ਦੇ ਗਮਾਂ ਤੋਂ ਉੱਪਰ ਉੱਠੀ, ਸਰਬੱਤ ਦਾ ਭਲਾ ਮੰਗਣ ਵਾਲੀ ਆਦਰਸ਼ਕ ਮਨੁੱਖ ਦੀ ਜੀਵਨ-ਸ਼ੈਲੀ ਵਾਲੀ ਜਮਾਤ ਹੈ। ਦਸਮੇਸ਼ ਪਿਤਾ ਨੇ ਖ਼ਾਲਸਾ ਪੰਥ ਦੀ ਸਾਜਨਾ ਦੁਨੀਆ ਨੂੰ 'ਨਿਆਰਾਪਣ' ਦੇਣ ਲਈ ਕੀਤੀ ਅਤੇ ਨਿਆਰੀ ਕੌਮ ਦੀ ਸਾਜਨਾ ਕੀਤੀ।

ਖ਼ਾਲਸਾ ਪੰਥ ਦੀ ਸਾਜਨਾ ਦਾ ਦਿਵਸ, ਸਿੱਖ ਕੌਮ ਲਈ ਸਭ ਤੋਂ ਵੱਧ ਕੀਮਤੀ ਅਤੇ ਮਹੱਤਵਪੂਰਨ ਦਿਨ ਹੈ, ਜਿਸ ਨੂੰ ਕੌਮੀ ਤਿਉਹਾਰ ਵਾਂਗੂੰ ਮਨਾਉਣ ਦੇ ਨਾਲ-ਨਾਲ, ਇਸ ਦਿਨ ਇਹ ਅਹਿਸਾਸ ਕਰਨ ਦੀ ਵੀ ਲੋੜ ਹੈ ਕਿ ਜਿਸ ਮੰਤਵ ਨੂੰ ਲੈ ਕੇ ਦਸਮੇਸ਼ ਪਿਤਾ ਨੇ ਸਿੱਖ ਪੰਥ ਦੀ ਸਾਜਨਾ ਕੀਤੀ ਸੀ ਅਤੇ ਇਸ ਦੀਆਂ ਜੜ੍ਹਾਂ ਮਜ਼ਬੂਤ



ਕਰਨ ਲਈ ਆਪਣੇ ਸਰਬੰਸ ਦੀ ਕੁਰਬਾਨੀ ਦਿੱਤੀ ਸੀ, ਕੀ ਉਹ ਮੰਤਵ ਪੂਰਾ ਹੋ ਰਿਹਾ ਹੈ? ਦੁਨੀਆ 'ਚ ਜਬਰ-ਜ਼ੁਲਮ ਨੂੰ ਰੋਕਣ, ਉਚ-ਨੀਚ ਨੂੰ ਖ਼ਤਮ ਕਰਨ ਅਤੇ ਸਮੁੱਚੀ ਮਨੁੱਖਤਾ ਨੂੰ ਬਰਾਬਰੀ ਦੇਣ ਲਈ ਇਸ ਨਿਆਰੇ ਪੰਥ ਨੂੰ ਸਾਜਿਆ ਸੀ ਅਤੇ ਖਾਲਸੇ ਨੂੰ ਨਿਰਧਨ ਨੂੰ ਪਾਲਣ, ਦੁਸ਼ਟ ਨੂੰ ਗਾਲਣ, ਦੀ ਸੋਧ ਦਿੱਤੀ ਸੀ। ਅੱਜ ਖ਼ਾਲਸੇ ਦੇ ਨਿਆਰੇਪਣ ਨੂੰ ਖੋਰਾ ਅਤੇ ਖਾਲਸਾਈ ਸਿਧਾਤਾਂ ਨੂੰ ਸਿਉਂਕ ਲੱਗ ਚੁੱਕੀ ਹੈ। ਜਿਸ ਨੀਵੇਂ ਥਾਂ ਤੋਂ ਚੁੱਕ ਕੇ ਕਲਗੀਆਂ ਵਾਲੇ ਨੇ ਸਾਨੂੰ ਉੱਚੇ ਸਿੰਘਾਸਨ ਉਤੇ ਬਿਠਾਇਆ ਸੀ, ਅਸੀਂ ਮੁੜ ਤੋਂ ਉਨ੍ਹਾਂ ਨਿਵਾਣਾਂ ਵੱਲ ਜਾ ਰਹੇ ਹਾਂ। ਬਾਣੀ ਤੇ ਬਾਣੇ 'ਚ ਪ੍ਰਪੱਕ ਹੋਣ ਦੀ ਥਾਂ ਸਿਰਫ਼ ਵਿਖਾਵੇ ਮਾਤਰ ਦਾ ਮਾਰਗ ਚੁਣ ਲਿਆ ਹੈ, ਜਿਸ ਕਾਰਨ ਗੁਰੂ ਸਾਹਿਬ ਵੱਲੋਂ ਬਖ਼ਸ਼ੇ 'ਤੇਜ਼' ਦੀ ਦਾਤ ਤੋਂ ਮਹਿਰੂਮ ਹੋ ਕੇ ਖੱਜਲ ਖੁਆਰੀ ਦੇ ਰਾਹ ਪੈ ਗਏ ਹਾਂ। ਸਿੱਖੀ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੀ ਰਾਖੀ ਦੀ ਥਾਂ ਅਸੀਂ ਆਪਣੇ ਹੱਥੀਂ ਹੀ ਉਨ੍ਹਾਂ ਨੂੰ ਮਿੱਟੀ 'ਚ ਰੋਲਣ ਲੱਗੇ ਹੋਏ ਹਾਂ, ਜਿਸ ਕਾਰਨ ਦੁਨੀਆ 'ਤੇ ਸਿਰਦਾਰੀ ਕਰਨ ਲਈ ਸਾਜੀ ਕੌਮ ਦੇ ਪੱਲੇ ਸਿਰਫ਼ ਤੇ ਸਿਰਫ਼ 'ਗੁਲਾਮੀ ਤੇ ਜਲਾਲਤ' ਰਹਿ ਗਈ ਹੈ। ਜਿਸ ਖ਼ਾਲਸੇ ਨੂੰ ਹਰ ਕੋਈ ਆਪਣੀ ਰਾਖੀ ਲਈ ਆਵਾਜ਼ ਮਾਰਦਾ ਸੀ, ਅੱਜ ਉਸ ਨੂੰ ਆਪਣੀ ਰੱਖਿਆ ਲਈ ਤੇ ਇਨਸਾਫ ਪ੍ਰਾਪਤੀ ਲਈ ਝੋਲੀ ਅੱਡਣੀ ਪੈ ਰਹੀ ਹੈ। ਗੁਰੂ ਸਾਹਿਬ ਨੇ ਹਰ ਸਿੰਘ ਨੂੰ 'ਸਿਰਦਾਰ' ਬਣਾਇਆ ਸੀ, ਪ੍ਰੰਤੂ ਅਸੀਂ ਇੱਕ-ਦੋ ਮਨੁੱਖਾਂ ਅੱਗੇ ਸਿਰ ਨੀਵੇਂ ਕਰੀ ਬੈਠੇ ਹਾਂ।

ਜਿਸ ਤਸਵੱਰ ਨੂੰ ਲੈ ਕੇ ਸਾਹਿਬ-ਏ-ਕਮਾਲ ਪਿਤਾ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ, ਉਸ ਦੀ ਤਸਵੀਰ ਵੀ ਗੁਰੂ ਸਾਹਿਬ ਨੇ ਪੂਰੀ ਦੁਨੀਆ ਨੂੰ ਹਕੀਕੀ ਰੂਪ 'ਚ ਵਿਖਾਈ ਸੀ। ਪੁਰਤਾਨ ਸਿੱਖਾਂ ਦਾ ਇਤਿਹਾਸ ਜਿਸ ਨੂੰ ਅਸੀਂ ਵਿਸਾਰ ਰਹੇ ਹਾਂ, ਉਹ ਅੱਜ ਵੀ ਦੱਸਦਾ ਹੈ ਕਿ 'ਅਸਲੀ ਸਿੰਘ' ਕੀ ਹੁੰਦਾ ਹੈ। ਪ੍ਰੰਤੂ ਬਾਕੀ ਸਾਰੇ ਖੇਤਰਾਂ 'ਚ ਨਕਲ ਦੇ ਮਾਹਿਰ, ਅਸੀਂ ਇਸ ਖੇਤਰ 'ਚ 'ਨਕਲ' ਕਰਨ ਤੋਂ ਅਸਮਰੱਥ ਤੇ ਲਾਚਾਰ ਹਾਂ। ਖ਼ਾਲਸਾਈ ਸਿਧਾਂਤ ਤੋਂ ਥਿੜ੍ਹਕੀ ਕੌਮ ਦੀ ਨੌਜਵਾਨ ਪੀੜ੍ਹੀ ਅੱਜ ਸਿੱਖੀ ਤੇ ਸਿੱਖੀ ਸਰੂਪ ਤੋਂ ਕੋਹਾਂ ਦੂਰ ਚਲੀ ਗਈ ਹੈ। ਨਿਆਰੇਪਣ ਦੀ ਥਾਂ ਅਸੀਂ ਫ਼ਿਰ ਤੋਂ ਪਾਖੰਡਵਾਦ ਤੇ ਆਡੰਬਰਵਾਦ ਦਾ ਸ਼ਿਕਾਰ ਹੋ ਕੇ ਬਿਪਰਾਵਾਦੀ ਹੋ ਗਏ ਹਾਂ। ਨਸ਼ਿਆਂ ਦੇ ਰਾਹ ਪੈ ਕੇ ਸਰੀਰਕ ਸ਼ਕਤੀ ਤੋਂ ਹੀਣੇ ਹੋਣ ਦੇ ਨਾਲ-ਨਾਲ 'ਸ਼ਬਦ ਤੇ ਗਿਆਨ' ਤੋਂ ਵੀ ਕੋਰੇ ਹੋ ਗਏ ਹਾਂ ਅਤੇ ਅੱਜ ਦੇ ਯੁੱਗ 'ਚ ਸ਼ਬਦ ਤੇ ਗਿਆਨ ਤੋਂ ਵਿਹੀਨ ਕੌਮ ਦੀ ਹੋਂਦ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ। ਖ਼ਾਲਸਾ ਪੰਥ ਦੀ ਸਾਜਨਾ ਨੂੰ ਅੱਜ 323 ਵਰ੍ਹੇ ਲੰਘ ਗਏ ਹਨ, ਕੌਮ ਕਿੱਥੋਂ ਚੱਲ ਕੇ ਕਿੱਥੇ ਪੁੱਜ ਗਈ ਹੈ? ਹਰ ਸਿੱਖ ਨੂੰ ਵਿਸਾਖੀ ਦੇ ਦਿਨ ਇੱਕ ਵਾਰ ਇਸ ਬਾਰੇ ਮੰਥਨ ਜ਼ਰੂਰ ਕਰਨਾ ਚਾਹੀਦਾ ਹੈ। ਲੋੜ ਹੈ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਕੌਮੀ ਚੇਤਨਾ ਜਗਾਉਣ ਵਾਲਾ ਦਿਹਾੜਾ ਬਣਾਉਣ ਦੀ, ਆਮ ਮਨੁੱਖ ਆਪਣੇ ਜਾਂ ਆਪਣੇ ਬੱਚੇ ਦੇ ਜਨਮ ਦਿਨ ਲਈ ਕਿੰਨੇ ਚਾਅ ਮਲਾਰ ਕਰਦਾ ਹੈ ਪ੍ਰੰਤੂ ਅਸੀਂ ਕੌਮ ਦੇ ਜਨਮ ਦਿਹਾੜੇ 'ਤੇ ਅਜਿਹੇ ਚਾਅ ਕਿਉਂ ਨਹੀਂ ਵਿਖਾਉਂਦੇ? ਇਸ ਦਿਹਾੜੇ 'ਤੇ ਨਵੀਂ ਪੀੜ੍ਹੀ 'ਚ ਕੌਮੀ ਭਾਵਨਾ ਤੇ ਉਤੇਜਨਾ ਜਗਾਉਣ ਲਈ ਕੁਝ ਖ਼ਾਸ ਕੀਤਾ ਜਾਣਾ ਚਾਹੀਦਾ ਹੈ।

ਨਗਰ ਕੀਰਤਨ ਤੇ ਗੁਰੂ ਕੇ ਲੰਗਰ ਦੇ ਨਾਲ ਹੋਰ ਵੀ ਕੁਝ ਕਰਨਾ ਬਣਦਾ ਹੈ। ਖ਼ਾਲਸੇ 'ਚ ਆਈ ਖੋਟ ਨੂੰ ਦਰਸਾਉਣ ਅਤੇ ਇਸ ਨੂੰ ਮੁੜ ਖਾਲਿਸ ਕਰਨ ਲਈ ਗੁਰੂ ਵੱਲੋਂ ਦਰਸਾਏ ਮਾਰਗਾਂ ਨੂੰ ਦ੍ਰਿੜ੍ਹਤਾ ਨਾਲ ਅਪਨਾਉਣ ਦੀ ਲੋੜ ਹੈ। ਜਦੋਂ ਤੱਕ ਅਸੀਂ ਸਮੁੱਚੀ ਕੌਮ 'ਚ ਕੌਮੀ ਭਾਵਨਾ ਨੂੰ ਜਗਾਉਂਦੇ ਨਹੀਂ, ਉਦੋਂ ਤੱਕ 'ਖੋਟ' ਦੂਰ ਨਹੀਂ ਹੋਵੇਗੀ। 'ਵਿਸਾਖੀ' ਵਰਗੇ ਕੌਮੀ ਦਿਹਾੜੇ ਹੀ ਅਜਿਹੀ ਭਾਵਨਾ ਜਗਾਉਣ ਦੇ ਸਰੋਤ ਬਣ ਸਕਦੇ ਹਨ ਪ੍ਰੰਤੂ ਅਸੀਂ ਇਨ੍ਹਾਂ ਨੂੰ ਕੁਝ ਧਾਰਮਿਕ ਰਸਮਾਂ ਨਾਲ ਬੰਨ੍ਹ ਕੇ ਇਨ੍ਹਾਂ ਦੀ ਅਸਲ ਮਹਾਨਤਾ ਨੂੰ ਖ਼ਤਮ ਕਰ ਦਿੱਤਾ ਹੈ। ਆਓ! ਵਿਸਾਖੀ ਨੂੰ ਕੌਮੀ ਤਿਉਹਾਰ ਵਜੋਂ ਮਨਾਈਏ ਅਤੇ ਦੁਨੀਆ 'ਚ ਸਿੱਖੀ ਦੇ ਨਿਆਰੇਪਣ ਅਤੇ ਦੁਨੀਆ ਦੇ ਇਸ ਇਨਕਲਾਬੀ ਪੰਥ ਦੀ ਜੈ-ਜੈ ਕਾਰ ਕਰੀਏ।

# ਸੰਘਰਸ਼ ਦਾ ਪ੍ਰਤੀਕ ਡਾ. ਭੀਮ ਰਾਓ ਅੰਬੇਦਕਰ

ਗੁਰਦੇਵ ਸਿੰਘ ਸਹੋਤਾ
ਸੰਪਰਕ : 98143-70777



ਭਾਰਤ ਅੰਦਰ ਸਦੀਆਂ ਤੋਂ ਜਾਤੀ ਭੇਦਭਾਵ ਕਾਰਨ ਛੂਆ ਛੂਤ, ਗੁਲਾਮੀ ਤੇ ਗੁਰਬਤ ਦਾ ਸੰਤਾਪ ਭੋਗ ਰਹੇ ਸ਼ੂਦਰ ਵਰਣ ਦੇ ਲੋਕਾਂ ਨੇ ਸ਼ਾਇਦ ਕਦੇ ਇਹ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ ਉਨ੍ਹਾਂ ਦੇ ਅੰਧਕਾਰ ਨੂੰ ਦੂਰ ਕਰਨ, ਉਨ੍ਹਾਂ ਨੂੰ ਗੁਲਾਮੀ ਤੇ ਗੁਰਬਤ ਦੀ ਦਲਦਲ ਵਿਚੋਂ ਬਾਹਰ ਕੱਢਣ, ਉਨ੍ਹਾਂ ਦੇ ਜੀਵਨ ਨੂੰ ਕੋਈ ਨਵੀਂ ਦਿਸ਼ਾ ਦੇਣ ਵਾਲਾ ਬਾਬਾ ਸਾਹਬ ਡਾਕਟਰ ਬੀ.ਆਰ ਅੰਬੇਦਕਰ ਵਰਗਾ ਕੋਈ ਮਹਾਂ ਪੁਰਸ਼ ਵੀ ਇਸ ਦੇਸ਼ ਅੰਦਰ ਕਦੇ ਜਨਮ ਲਵੇਗਾ।ਤਬਦੀਲੀ ਕੁਦਰਤ ਦਾ ਨਿਯਮ ਹੈ।

ਇਸ ਤੱਥ ਵਿਚ ਸਾਡਾ ਸੱਭ ਦਾ ਪੱਕਾ ਵਿਸ਼ਵਾਸ ਹੈ ਅਰਥਾਤ ਕੁੱਝ ਵੀ ਚੰਗਾ ਮਾੜਾ ਸਥਿਰ ਨਹੀਂ ਹੁੰਦਾ। ਕਦੇ ਨਾ ਕਦੇ ਇਸ ਨੇ ਬਦਲਣਾ ਜ਼ਰੂਰ ਹੁੰਦਾ ਹੈ। ਇਸ ਲਈ ਇਹ ਕਿਵੇਂ ਹੋ ਸਕਦਾ ਸੀ ਕਿ ਭਾਰਤੀ ਸਮਾਜ ਜਾਤੀਵਾਦ ਵਰਗੇ ਗ਼ੈਰ ਮਨੁੱਖੀ ਵਰਤਾਰੇ ਨੂੰ ਗੰਭੀਰ ਚੁਣੌਤੀ ਦੇਣ ਵਾਲਾ ਕੋਈ ਵੀ ਮਹਾਨ ਸ਼ਖ਼ਸ ਕਦੇ ਸਾਡੇ ਦੇਸ਼ ਅੰਦਰ ਪੈਦਾ ਹੀ ਨਾ ਹੁੰਦਾ। ਡਾਕਟਰ ਬੀ.ਆਰ. ਅੰਬੇਦਕਰ ਤੋਂ ਪਹਿਲਾਂ ਕਈ ਗੁਰੂਆਂ ਪੀਰਾਂ ਤੇ ਸਮਾਜ ਸੁਧਾਰਕਾਂ ਨੇ ਇਥੇ ਜਨਮ ਵੀ ਲਿਆ ਸੀ ਅਤੇ ਉਨ੍ਹਾਂ ਨੇ ਇਸ ਨਿਮਨ ਵਰਗ ਦੇ ਲੋਕਾਂ ਦੀ ਵੇਦਨਾ ਤੇ ਤਰਸਯੋਗ ਸਮਾਜਕ ਦਸ਼ਾ ਨੂੰ ਭਾਂਪ ਕੇ ਇਸ ਮਨੂਵਾਦੀ ਵਰਣ ਵੰਡ ਪ੍ਰੰਪਰਾ ਨੂੰ ਤਰਕਸੰਗਤ ਨਾ ਹੋਣ ਕਾਰਨ ਵੰਗਾਰਿਆ ਸੀ ਪਰ ਉਨ੍ਹਾਂ ਦੀਆਂ ਸਿਖਿਆਵਾਂ ਨਾਲ ਕੋਈ ਵੱਡੀ ਸਮਾਜਕ ਤਬਦੀਲੀ ਸੰਭਵ ਨਹੀਂ ਸੀ ਹੋ ਸਕੀ ਕਿਉਂਕਿ ਉਨ੍ਹਾਂ ਦੇ ਉਪਦੇਸ਼ਾਂ ਨੂੰ ਕੋਈ ਕਾਨੂੰਨੀ ਮਾਨਤਾ ਪ੍ਰਾਪਤ ਨਹੀਂ ਸੀ ਹੁੰਦੀ ਅਰਥਾਤ ਉਹ ਨਿਆਂਯੋਗ ਨਹੀਂ ਸਨ ਹੁੰਦੇ।

ਸਮਾਜ ਉਨ੍ਹਾਂ ਨੂੰ ਮੰਨਣ ਵਾਸਤੇ ਪਾਬੰਦ ਨਹੀਂ ਸੀ ਹੁੰਦਾ ਤੇ ਪੀੜਤ ਵਰਗ ਕੋਲ ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਕਿਸੇ ਅਦਾਲਤੀ ਚਾਰਾਜੋਈ ਦੀ ਕੋਈ ਵਿਵਸਥਾ ਹੀ ਨਹੀਂ ਸੀ ਹੁੰਦੀ। ਕਾਨੂੰਨ ਦੇ ਸ਼ਾਸਨ ਵਰਗੀ ਰਾਜਨੀਤਕ ਵਿਵਸਥਾ ਦਾ ਵੀ ਅਜੇ ਕਿਧਰੇ ਜਨਮ ਨਹੀਂ ਸੀ ਹੋਇਆ। ਇਥੇ ਫਿਰ ਜੰਗਲੀ ਰਾਜ ਵਿਚ ਉਨ੍ਹਾਂ ਵੰਚਿਤ ਲੋਕਾਂ ਦੀਆਂ ਮਨੁੱਖੀ ਕਦਰਾਂ-ਕੀਮਤਾਂ ਲਈ ਉਠਾਈ ਗਈ ਕਿਸੇ ਵੀ ਆਵਾਜ਼ ਦੀ ਕਿਸੇ ਨੂੰ ਪ੍ਰਵਾਹ ਕਰਨ ਦੀ ਕੀ ਲੋੜ ਹੋ ਸਕਦੀ ਸੀ। ਜਦੋਂ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਮਹੂ ਕਸਬੇ ਵਿਖੇ ਸਥਿਤ ਫ਼ੌਜੀ ਛਾਉਣੀ ਵਿਚ ਤਾਇਨਾਤ ਇਕ ਮਰਾਠੀ ਸੂਬੇਦਾਰ ਰਾਮਜੀ ਮਾਲੋਜੀ ਸਕਪਾਲ ਦੇ ਗ੍ਰਹਿ ਵਿਖੇ ਭੀਮਾਬਾਈ ਸਕਪਾਲ ਜੀ ਦੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ ਤਾਂ ਕਿਸੇ ਨੂੰ ਵੀ ਇਸ ਗੱਲ ਦਾ ਚਿੱਤ ਚੇਤਾ ਨਹੀਂ ਸੀ ਕਿ ਉਹ ਵੱਡਾ ਹੋ ਕੇ ਦੇਸ਼ ਦਾ ਮਹਾਨ ਚਿੰਤਕ, ਵਿਦਵਾਨ, ਲੇਖਕ, ਰਾਜਨੇਤਾ, ਅਰਥਸ਼ਾਸਤਰੀ, ਕਾਨੂੰਨਦਾਨ ਤੇ ਸਮਾਜ ਸੁਧਾਰਕ ਬਣੇਗਾ।

ਉਹ ਦੱਬੇ ਕੁਚਲੇ ਲੋਕਾਂ ਦੀ ਮੁਕਤੀ ਦਾ ਮਾਰਗ ਪੇਸ਼ ਕਰੇਗਾ ਤੇ ਉਨ੍ਹਾਂ ਦਾ ਮਸੀਹਾ ਅਰਥਾਤ ਮੁਕਤੀ ਦਾਤਾ ਅਖਵਾਏਗਾ। ਮਹਾਰਾਸ਼ਟਰ ਦੀ ਅਛੂਤ ਸਮਝੀ ਜਾਂਦੀ ਮਹਾਰ ਜਾਤੀ ਵਿਚ ਜਨਮੇ ਇਸ ਬਾਲਕ ਭੀਮ ਰਾਓ ਦੇ ਏਨੇ ਪ੍ਰਤਿਭਾਵਾਨ ਹੋਣ ਦਾ ਕਿਸੇ ਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਉੱਚ ਕੋਟੀ ਦੀ ਤਾਲੀਮ ਹਾਸਲ ਕਰਨ ਵਾਲਿਆਂ ਕੁੱਝ ਕੁ ਭਾਰਤੀਆਂ ਦੀ ਸੂਚੀ ਵਿਚ ਕੇਵਲ ਉਸ ਦੇ ਨਾਮ ਦਾ ਸ਼ੁਮਾਰ ਹੀ ਨਹੀਂ ਹੋਵੇਗਾ ਬਲਕਿ ਉਹ 20ਵੀਂ ਸਦੀ ਦਾ ਦੇਸ਼ ਦਾ ਇਕ ਮਹਾਨ ਦਾਰਸ਼ਨਿਕ ਤੇ ਸਮਾਜਕ ਚਿੰਤਕ ਵੀ ਹੋਵੇਗਾ। ਉਹ ਦੇਸ਼ ਅਤੇ ਅਪਣੀ ਕੌਮ ਦੋਹਾਂ ਦੇ ਹਿੱਤਾਂ ਲਈ ਅਪਣੇ ਵਲੋਂ ਏਨੇ ਵੱਡੇ ਅਤੇ ਨਿਵੇਕਲੇ ਕਾਰਜ ਕਰ ਕੇ ਅਪਣੀ ਯੋਗਤਾ, ਪ੍ਰਤੀਬੱਧਤਾ, ਬੁਧੀਮਤਾ ਤੇ ਕਾਬਲੀਅਤ ਦਾ ਲੋਹਾ ਵੀ ਮਨਵਾਏਗਾ। ਉਹ ਦੇਸ਼ ਤੇ ਸਮਾਜ ਦੋਵਾਂ ਨੂੰ ਚਲਾਉਣ ਲਈ ਨਵੇਂ ਸਿਧਾਂਤ ਤੇ ਮੀਲ ਪੱਥਰ ਤੈਅ ਕਰੇਗਾ। ਦੇਸ਼ ਨੂੰ ਸੁਤੰਤਰਤਾ ਪ੍ਰਾਪਤੀ ਉਪਰੰਤ ਦੇਸ਼ ਦਾ ਆਧੁਨਿਕ ਭਾਰਤ ਵਜੋਂ ਨਿਰਮਾਣ ਕਰਨ ਵਾਲਿਆਂ ਮੋਹਰੀ ਆਗੂਆਂ ਵਜੋਂ ਇਕ ਉਹ ਵੀ ਹੋਵੇਗਾ।

ਅਛੂਤ ਤੇ ਪਛੜੇ ਲੋਕਾਂ ਲਈ ਉਹ ਜੁਗ ਪਲਟਾਊ ਬਣ ਕੇ ਵਿਚਰੇਗਾ। ਉਨ੍ਹਾਂ ਦੀ ਸਮਾਜਕ ਸੁਤੰਤਰਤਾ ਲਈ ਉਹ ਹਰ ਤਰ੍ਹਾਂ ਦੀ ਜਦੋਜਹਿਦ ਕਰਨ ਤੋਂ ਨਾ ਹੀ ਝਿਜਕੇਗਾ ਤੇ ਨਾ ਹੀ ਥਿੜਕੇਗਾ। ਬਾਬਾ ਸਾਹਬ ਡਾਕਟਰ ਭੀਮ ਰਾਉ ਅੰਬੇਦਕਰ ਸੰਘਰਸ਼ ਦਾ ਪ੍ਰਤੀਕ ਸਨ। ਉਨ੍ਹਾਂ ਦਾ ਸੰਕਲਪ ਬੜਾ ਪੱਕਾ ਤੇ ਨਿਸ਼ਾਨੇ ਬੜੇ ਸਪੱਸ਼ਟ ਹੁੰਦੇ ਸਨ। ਛੋਟੀ ਉਮਰ ਤੋਂ ਹੀ ਉਨ੍ਹਾਂ ਵਿਚ ਕਠਿਨਾਈਆਂ ਤੇ ਚੁਨੌਤੀਆਂ ਅੱਗੇ ਗੋਡੇ ਨਾ ਟੇਕਣ ਸਗੋਂ ਉਨ੍ਹਾਂ ਨਾਲ ਲੋਹਾ ਲੈਣ ਦੀ ਬਿਰਤੀ ਨੇ ਬੜੀ ਤੇਜ਼ੀ ਨਾਲ ਵਿਕਾਸ ਕਰਨਾ ਸ਼ੁਰੂ ਕਰ ਦਿਤਾ ਸੀ। ਜਦੋਂ ਦਲਿਤਾਂ ਲਈ ਸਿਖਿਆ ਹਾਸਲ ਕਰਨਾ ਬਿਲਕੁਲ ਵਰਜਿਤ ਸੀ ਤੇ ਸਮਾਜਕ ਵਿਤਕਰਾ ਚਰਮ ਸੀਮਾ ਉਤੇ ਸੀ ਤਾਂ ਉਸ ਸਮੇਂ ਤਾਲੀਮ ਪ੍ਰਾਪਤੀ ਦੇ ਰਾਹ ਵਿਚ ਉਸ ਨੂੰ ਅਨੇਕਾਂ ਔਕੜਾਂ ਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਸੀ ਜਿਨ੍ਹਾਂ ਦੀ ਫ਼ਰਿਸਤ ਬੜੀ ਲੰਮੀ ਹੈ ਤੇ ਜੋ ਹੁਣ ਇਤਿਹਾਸ ਦਾ ਹਿੱਸਾ ਬਣ ਚੁੱਕੀ ਹੈ। ਉਨ੍ਹਾਂ ਨੇ ਅਪਣੀ ਹਿੰਮਤ, ਲਗਨ ਤੇ ਫੌਲਾਦੀ ਇੱਛਾ ਸ਼ਕਤੀ ਸਦਕਾ ਇਨ੍ਹਾਂ ਸੱਭ ਪ੍ਰਕਾਰ ਦੀਆਂ ਸਮਾਜਕ ਆਰਥਕ ਚੁਨੌਤੀਆਂ ਦੀਆਂ ਗੋਡੀਆਂ ਲਵਾ ਕੇ ਰਖੀਆਂ ਸਨ।

ਉਨ੍ਹਾਂ ਦੇ ਸੰਘਰਸ਼ ਦੇ ਬਿਖੜੇ ਪੈਂਡੇ ਦੀ ਇਹ ਦਾਸਤਾਨ ਦਿਲ ਕੰਬਾਊ ਜ਼ਰੂਰ ਹੈ ਪਰ ਕਮਜ਼ੋਰ ਤੇ ਪਛੜੀਆਂ ਸ਼੍ਰੇਣੀਆਂ ਵਾਸਤੇ ਸਿਖਿਆ ਗ੍ਰਹਿਣ ਕਰਨ ਲਈ ਪ੍ਰੇਰਨਾ ਦਾ ਸੱਭ ਤੋਂ ਵੱਡਾ ਸ੍ਰੋਤ ਵੀ ਹੈ। ਉਸ ਨੇ ਅਤਿਅੰਤ ਕਠਿਨ ਤੇ ਵਿਰੋਧੀ ਪ੍ਰਸਥਿਤੀਆਂ ਦੇ ਬਾਵਜੂਦ ਦੇਸ਼ ਤੇ ਵਿਦੇਸ਼ ਦੀਆਂ ਨਾਮਵਰ ਸਿਖਿਆ ਸੰਸਥਾਵਾਂ ਵਿਸ਼ੇਸ਼ ਤੌਰ ਉਤੇ ਅਮਰੀਕਾ ਦੀ ਕੋਲੰਬੀਆ ਯੂਨੀਵਰਸਟੀ ਤੇ ਇੰਗਲੈਂਡ ਦੇ ਲੰਡਨ ਸਕੂਲ ਆਫ਼ ਇਕਨਾਮਿਕਸ ਵਿਖੇ ਰਾਜਨੀਤੀ, ਅਰਥ ਸ਼ਾਸਤਰ, ਕਾਨੂੰਨ, ਸਮਾਜ ਸ਼ਾਸਤਰ, ਮਨੋ ਵਿਗਿਆਨ, ਇਤਿਹਾਸ ਆਦਿ ਵਿਸ਼ਿਆਂ ਦਾ ਡੂੰਘਾ ਅਧਿਐਨ ਕੀਤਾ ਤੇ ਵੱਡੀਆਂ ਡਿਗਰੀਆਂ ਹਾਸਲ ਕੀਤੀਆਂ। ਬਾਬਾ ਸਾਹਬ ਨੇ ਇਸ ਘਾਲਣਾ ਦੇ ਬਲਬੂਤੇ ਅਪਣੇ ਵਿਅਕਤੀਤਵ ਨੂੰ ਤਰਾਸ਼ਿਆ ਤੇ ਨਿਖਾਰਿਆ ਸੀ ਤੇ ਅਪਣੇ ਆਪ ਨੂੰ ਇੱਕ ਵੱਡੇ ਕ੍ਰਾਂਤੀਕਾਰੀ ਮਿਸ਼ਨ ਤੇ ਭੂਮਿਕਾ ਲਈ ਤਿਆਰ ਕੀਤਾ ਸੀ। ਦੱਬੇ ਕੁਚਲੇ ਵਰਗ ਦਾ ਉਹ ਪਹਿਲਾ ਵਿਅਕਤੀ ਸੀ ਜਿਸ ਨੇ ਉੱਚ ਕੋਟੀ ਦੀ ਸਿਖਿਆ ਪ੍ਰਾਪਤ ਕਰ ਕੇ ਅਪਣੀ ਵਿਦਵਤਾ ਦੇ ਝੰਡੇ ਗੱਡੇ ਸਨ ਤੇ ਇਤਿਹਾਸ ਸਿਰਜਿਆ ਸੀ।

ਉਸ ਨੇ ਅਪਣੀਆਂ ਲਾਸਾਨੀ ਕਾਮਯਾਬੀਆਂ ਅਤੇ ਪ੍ਰਾਪਤੀਆਂ ਨਾਲ ਇਹ ਸਾਬਤ ਕਰ ਦਿਤਾ ਸੀ ਕਿ ਜੇਕਰ ਕਿਸੇ ਵਿਅਕਤੀ ਦਾ ਚਰਿੱਤਰ ਸੰਘਰਸ਼ੀ ਹੈ ਤਾਂ ਚਾਹੇ ਉਹ ਕਿੰਨੇ ਵੀ ਮਾੜੇ ਅਤੇ ਵਖਰੇ ਕਿਸਮ ਦੇ ਹਾਲਾਤ ਵਿਚ ਪੈਦਾ ਹੋਇਆ ਹੋਵੇ, ਕੋਈ ਵੀ ਕਠਿਨਾਈ ਉਸ ਦੇ ਬੁਲੰਦ ਹੌਸਲੇ ਅੱਗੇ ਟਿੱਕ ਨਹੀਂ ਸਕਦੀ। ਸੰਘਰਸ਼ ਵਾਲੀ ਬਿਰਤੀ ਨਾਲ ਉਹ ਨਿਸ਼ਚਿਤ ਤੌਰ ਉਤੇ ਅਪਣੀ ਅਗਿਆਨਤਾ, ਗੁਰਬਤ, ਨਸਲੀ/ਜਾਤੀ ਵਿਤਕਰੇ ਤੇ ਗੁਲਾਮੀ ਵਰਗੀ ਹਰੇਕ ਮੁਸੀਬਤ ਵਿਰੁਧ ਲੜਾਈ ਵਿਚ ਜਿੱਤ ਪ੍ਰਾਪਤ ਕਰਨ ਲਈ ਰਸਤਾ ਜ਼ਰੂਰ ਪੱਧਰਾ ਕਰ ਲੈਂਦਾ ਹੈ। ਡਾਕਟਰ ਬੀ.ਆਰ. ਅੰਬੇਦਕਰ ਜੀ ਨੇ ਸਾਡੇ ਦੇਸ਼ ਦਾ ਕੇਵਲ ਸੰਵਿਧਾਨ ਹੀ ਨਹੀਂ ਘੜਿਆ ਸਗੋਂ ਕਈ ਅਨਮੋਲ ਸਿਧਾਂਤ ਤੇ ਵਿਚਾਰ ਵੀ ਸਿਰਜ ਦਿਤੇ ਸਨ ਜਿਨ੍ਹਾਂ ਦੇ ਬਲਬੂਤੇ ਦੇਸ਼ ਤੇ ਸਮਾਜ ਨੇ ਸੁਤੰਤਰਤਾ ਉਪਰੰਤ ਤਰੱਕੀ ਦੇ ਰਾਹ ਪੈਣਾ ਸੀ। ਵਿੱਤ ਕਮਿਸ਼ਨ ਤੇ ਭਾਰਤੀ ਰਿਜ਼ਰਵ ਬੈਂਕ ਵਰਗੀਆਂ ਸੰਸਥਾਵਾਂ ਦੀ ਸਥਾਪਨਾ ਵੀ ਉਸ ਦੂਰ ਅੰਦੇਸ਼ੀ ਆਗੂ ਦੀ ਵਿਚਾਰਧਾਰਾ ਦਾ ਹੀ ਨਤੀਜਾ ਹੈ। ਹੀਰਾਕੁੰਡ, ਦਮੋਦਰ ਘਾਟੀ ਤੇ ਸੋਨ ਨਦੀ ਵਰਗੇ ਦੇਸ਼ ਦੇ ਸੱਭ ਤੋਂ ਪਹਿਲੇ ਬਹੁ-ਉਦੇਸ਼ੀ ਪ੍ਰੋਜੈਕਟ ਵੀ ਉਸ ਮਹਾਨ ਵਿਅਕਤੀ ਦੇ ਖਿਆਲਾਂ ਦੀ ਹੀ ਉਪਜ ਹਨ।

ਸਾਡਾ ਇਹ ਵੱਡਾ ਦੁਖਾਂਤ ਰਿਹਾ ਹੈ ਕਿ ਡਾਕਟਰ ਅੰਬੇਦਕਰ ਦੇ ਦਲਿਤ ਪ੍ਰਵਾਰ ਵਿਚ ਜਨਮ ਲੈਣ ਕਾਰਨ ਉਨ੍ਹਾਂ ਨੇ ਸਮਾਜਕ ਤਬਦੀਲੀ ਦਾ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਦਾ ਜੋ ਮੰਤਰ ਘੜਿਆ ਸੀ, ਸਾਡੇ ਭਾਰਤੀ ਸਮਾਜ ਨੇ ਉਸ ਨੂੰ ਸਮਝਣ ਅਤੇ ਅਮਲ ਵਿਚ ਲਿਆਉਣ ਵਲ ਤਵੱਜੋਂ ਘੱਟ ਪਰ ਵਿਸਾਰਨ ਵਲ ਵਧੇਰੇ ਧਿਆਨ ਦਿਤਾ ਹੈ। ਮੇਰੀ ਜਾਚੇ ਇਹ ਦੂਰ ਅੰਦੇਸ਼ੀ ਵਾਲੀ ਸੋਚ ਨਹੀਂ ਸਗੋਂ ਇਕ ਬੜੀ ਵੱਡੀ ਭੁੱਲ ਕੀਤੀ ਗਈ ਹੈ। ਦੇਸ਼ ਅਤੇ ਸਮਾਜ ਦੋਵਾਂ ਦੇ ਵਿਕਾਸ ਵਿਚ ਜੋ ਇਸ ਦੀ ਨਿੱਗਰ ਭੂਮਿਕਾ ਹੋ ਸਕਦੀ ਸੀ, ਉਸ ਤੋਂ ਵਾਂਝੇ ਰਹਿਣ ਨਾਲ ਹੀ ਅੱਜ ਵੀ ਸਾਡਾ ਦੇਸ਼ ਪਛੜਿਆ ਹੋਇਆ ਹੈ ਤੇ ਅਨਪੜ੍ਹਤਾ, ਸਮਾਜਕ ਤੇ ਆਰਥਕ ਨਾ-ਬਰਾਬਰੀ ਕਾਰਨ ਗੁਰਬਤ, ਅਗਿਆਨਤਾ, ਅੰਧ ਵਿਸ਼ਵਾਸ, ਭੁੱਖਮਰੀ, ਆਬਾਦੀ ਵਿਚ ਬੇਤਹਾਸ਼ਾ ਵਾਧਾ, ਬੇਰੁਜ਼ਗਾਰੀ ਵਰਗੀਆਂ ਅਨੇਕਾਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਬਾਬਾ ਸਾਹਬ ਵਲੋਂ ਦਿਤਾ ਗਿਆ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਦਾ ਸਿਧਾਂਤ ਕੇਵਲ ਦਲਿਤਾਂ ਲਈ ਨਹੀਂ ਸੀ ਜਿਸ ਤਰ੍ਹਾਂ ਇਸ ਨੂੰ ਮੰਨ ਲਿਆ ਗਿਆ ਹੈ ਜਾਂ ਜਚਾ ਦਿਤਾ ਗਿਆ ਹੈ। ਇਹ ਤਾਂ ਸਮਾਜਕ ਕ੍ਰਾਂਤੀ ਤੇ ਮਨੁੱਖਤਾ ਦੀ ਤਰੱਕੀ ਲਈ ਬਿਹਤਰੀਨ ਵਿਚਾਰਧਾਰਾ ਦਾ ਨਾਂ ਹੈ।

ਇਹ ਤਾਂ ਬਾਬਾ ਸਾਹਬ ਵਲੋਂ ਸਮਾਜਕ ਤਬਦੀਲੀ ਵਾਸਤੇ ਵਰਤਿਆ ਤੇ ਅਜਮਾਇਆ ਗਿਆ, ਉਹ ਫ਼ਾਰਮੂਲਾ ਹੈ ਜਿਸ ਨੂੰ ਦੁਨੀਆਂ ਦੇ ਕਿਸੇ ਵੀ ਦੇਸ਼ ਜਾਂ ਵਰਗ ਦੇ ਗ਼ਰੀਬ, ਪਛੜੇ ਤੇ ਦੁਰਕਾਰੇ ਹੋਏ ਲੋਕ ਅਪਣੀਆਂ ਸਮਾਜਕ, ਆਰਥਕ ਤੇ ਰਾਜਨੀਤਕ ਕਠਿਨਾਈਆਂ ਦੇ ਹੱਲ ਲਈ ਵਰਤ ਸਕਦੇ ਹਨ ਤੇ ਹੱਲ ਤਲਾਸ਼ ਸਕਦੇ ਹਨ। ਇਹ ਸੱਭ ਲਈ ਸਾਂਝਾ ਹੈ। ਸਾਡੇ ਦੇਸ਼ ਦੇ ਦੱਬੇ-ਕੁਚਲੇ ਲੋਕਾਂ ਦੇ ਜਿਹੜੇ ਵਰਗਾਂ ਨੇ ਇਸ ਪ੍ਰਗਤੀਵਾਦੀ ਤੇ ਜੁਝਾਰੂ ਵਿਚਾਰਧਾਰਾ ਨੂੰ ਸਮਝਿਆ ਤੇ ਅਪਣਾਇਆ ਹੈ ਉਨ੍ਹਾਂ ਨੂੰ ਇਸ ਨੇ ਨਿਰਾਸ਼ ਨਹੀਂ ਕੀਤਾ, ਸਗੋਂ ਉਨ੍ਹਾਂ ਦੇ ਅੰਧਕਾਰ ਨੂੰ ਦੂਰ ਕੀਤਾ ਹੈ ਤੇ ਉਨ੍ਹਾਂ ਦੇ ਜੀਵਨ ਨੂੰ ਰੋਸ਼ਨ ਕੀਤਾ ਹੈ। ਉਨ੍ਹਾਂ ਨੂੰ ਗ਼ੁਰਬਤ ਅਤੇ ਗ਼ੁਲਾਮੀ ਤੋਂ ਮੁਕਤੀ ਦਿਵਾਈ ਹੈ। ਉਨ੍ਹਾਂ ਨੂੰ ਗ਼ੈਰਤ ਨਾਲ ਜਿਊਣਾ ਸਿਖਾਇਆ ਹੈ। ਉਨ੍ਹਾਂ ਦਾ ਸਿਰ ਉੱਚਾ ਹੋਇਆ ਹੈ। ਸਾਡੇ ਦੇਸ਼ ਦੇ ਜੋ ਵਾਂਝੇ, ਗ਼ਰੀਬ ਅਤੇ ਪਛੜੇ ਦਲਿਤ ਤਬਕੇ ਬਾਬਾ ਸਾਹਬ ਵਲੋਂ ਦਰਸਾਏ ਗਏ ਨੁਕਤਿਆਂ ਨੂੰ ਜਾਣਨ ਤੇ ਸਮਝਣ ਵਲੋਂ ਅਵੇਸਲੇ ਰਹੇ ਹਨ, ਉਨ੍ਹਾਂ ਨੂੰ ਅਪਣੇ ਤਰੱਕੀਯਾਫ਼ਤਾ ਭਾਈਚਾਰੇ ਤੋਂ ਸਬਕ ਸਿਖਣਾ ਚਾਹੀਦਾ ਹੈ।

2011 ਦੀ ਜਨਗਣਨਾ ਅਨੁਸਾਰ ਸਾਡੇ ਦੇਸ਼ ਵਿਚ ਦਲਿਤਾਂ ਦੀ ਗਿਣਤੀ 20 ਕਰੋੜ ਤੋਂ ਵੱਧ ਸੀ ਜਿਨ੍ਹਾਂ ਦੀ ਸਾਖਰਤਾ ਦਰ 66 ਫ਼ੀ ਸਦੀ ਸੀ ਜਦੋਂ ਕਿ ਦੇਸ਼ ਦੀ ਸਾਖ਼ਰਤਾ ਦਰ 73 ਫ਼ੀ ਸਦੀ ਸੀ। ਦਲਿਤ ਭਾਈਚਾਰੇ ਦੇ ਬਹੁਤੇ ਲੋਕ ਅਜੇ ਵੀ ਸਿਖਿਆ ਤੋਂ ਵਾਂਝੇ ਹੋਣ ਕਾਰਨ ਹੀ ਹਾਸ਼ੀਏ ਤੋਂ ਪਰੇ ਧੱਕੇ ਹੋਏ ਹਨ। ਉਹ ਅਤਿ ਦੇ ਗ਼ਰੀਬ ਅਤੇ ਗ਼ੁਲਾਮ ਹਨ। ਉਨ੍ਹਾਂ ਦਾ ਬੌਧਿਕ ਵਿਕਾਸ ਅੱਧਵਾਟੇ ਰੁਕਣ ਕਾਰਨ ਉਨ੍ਹਾਂ ਵਿਚ ਰਾਜਨੀਤਕ ਚੇਤੰਨਤਾ ਦੀ ਵੀ ਵੱਡੀ ਘਾਟ ਹੈ।

ਉਨ੍ਹਾਂ ਦਾ ਰਹਿਣ ਸਹਿਣ ਦਾ ਪੱਧਰ ਬੜੇ ਨੀਵੇਂ ਦਰਜੇ ਦਾ ਹੈ ਅਤੇ ਉਹ ਗੰਦੀਆਂ ਬਸਤੀਆਂ ਵਿਚ ਰਹਿੰਦੇ ਹਨ ਹਨ, ਉਨ੍ਹਾਂ ਨਾਲ ਜਾਤੀ ਵਿਤਕਰਾ ਤੇ ਜ਼ਿਆਦਤੀਆਂ ਹੁੰਦੀਆਂ ਹਨ। ਉਹ ਸਾਧਨਹੀਣ ਹਨ। ਉਹ ਅਣਗੌਲੇ ਹੋਏ ਹਨ। ਬਾਬਾ ਸਾਹਬ ਡਾਕਟਰ ਭੀਮ ਰਾਉ ਅੰਬੇਦਕਰ ਜੀ ਨੇ ਉਨ੍ਹਾਂ ਵਾਸਤੇ ਸਮਾਜਕ ਆਰਥਕ ਬਰਾਬਰੀ ਦੇ ਜੋ ਸੁਪਨੇ ਵੇਖੇ ਸਨ, ਉਨ੍ਹਾਂ ਵਿਚੋਂ ਬਹੁਤੇ ਅਜੇ ਵੀ ਪੂਰੇ ਨਹੀਂ ਹੋਏ। ਪਹਿਲਾਂ ਹੀ ਬੜੀ ਦੇਰ ਹੋ ਚੁੱਕੀ ਹੈ, ਇਸ ਲਈ ਦੇਸ਼ ਵਾਸੀਆਂ ਨੂੰ ਚਾਹੀਦਾ ਹੈ ਕਿ ਉਹ ਬਾਬਾ ਸਾਹਬ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਨਿਸ਼ਠਾ ਨਾਲ ਮਨਾਉਣ ਅਤੇ ਬਾਬਾ ਸਾਹਬ ਦੇ ਜੋ ਸੁਪਨੇ ਅਧੂਰੇ ਰਹਿ ਗਏ ਹਨ, ਉਨ੍ਹਾਂ ਨੂੰ ਪੂਰਾ ਕਰ ਲੈਣ ਦਾ ਤਹਈਆ ਵੀ ਕਰਨ।

ਪੰਜਾਬੀਆਂ ਦੀ ਫਰੇਜ਼ਰ ਸਟਰੀਟ 'ਤੇ ਸਭ ਤੋਂ ਪੁਰਾਣੀ ਅਤੇ ਸਭ ਤੋਂ ਵੱਡੀ ਮੀਟ ਸ਼ਾਪ

# ਫਰੇਜ਼ਰ ਵਿਊ ਮੀਟ ਸ਼ਾਪ

**6657, Fraser St. Vancouver, 604-327-1724**

- ਬਾਰਬੀਕਿਊ ਚਟਪਟਾ
- ਵਧੀਆ ਮੀਟ ਘੱਟ ਕੀਮਤ

ਵਿਆਹ, ਸ਼ਾਦੀਆਂ ਅਤੇ ਪਾਰਟੀਆਂ ਲਈ ਵੀ ਖਾਸ ਰਿਆਇਤਾਂ






ਖਾਲਸਾ ਸਾਜਨਾ ਦਿਵਸ ਅਤੇ

# ਵਿਸਾਖੀ

ਦੀਆਂ ਆਪ ਸਭ ਨੂੰ

ਜਨਾਬ ਅਸਲਮ ਮਲਿਕ, ਫੈਰੀਅਲ ਮੈਂਜੀ

ਅਤੇ ਸਮੂਹ ਸਟਾਫ਼ ਵਲੋਂ

# ਲੱਖ ਲੱਖ ਵਧਾਈਆਂ



ਅਸਲਮ ਮਲਿਕ

# ਅਲ-ਮਨਸੂਰ ਵੀਡੀਓ ਇੰਕ.

**604-321-2442** 6657-Fraser St. Vancouver (Inside Fraserview Meat Shop)


TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI

# AKALI SINGH SIKH SOCIETY

ਦੇਗ ਤੇਗ ਫਤਹਿ

1890 - SKEENA STREET, VANCOUVER, B.C., CANADA
Phone: (604) 254-2117 Fax: (604) 254-5309

ਪੰਥ ਕੀ ਜੀਤ



# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

## 13 ਅਪ੍ਰੈਲ, ਦਿਨ ਐਤਵਾਰ ਨੂੰ ਖਾਲਸਾ ਪੰਥ ਦਾ ਜਨਮ ਦਿਹਾੜਾ ਅਤੇ ਸੰਗਰਾਂਦ ਹੈ। ਸ਼ਾਮ ਨੂੰ ਦੀਵਾਨ ਸਜਣਗੇ ਅਤੇ ਲੰਗਰ ਦੀ ਸੇਵਾ ਹੋਵੇਗੀ।

- 17 ਅਪ੍ਰੈਲ, ਦਿਨ ਸ਼ੁੱਕਰਵਾਰ ਨੂੰ ਖਾਲਸਾ ਪੰਥ ਦੇ ਜਨਮ ਦਿਹਾੜੇ ਦੀ ਖੁਸ਼ੀ 'ਚ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 19 ਅਪ੍ਰੈਲ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ। ਲੰਗਰ ਦੀ ਸੇਵਾ ਭਾਈ ਸੋਹਨ ਸਿੰਘ ਤੇ ਬੀਬੀ ਮੋਹਿੰਦਰ ਕੌਰ ਵਲੋਂ ਹੋਵੇਗੀ।
- 19 ਅਪ੍ਰੈਲ, ਦਿਨ ਐਤਵਾਰ ਨੂੰ ਸਵੇਰ ਨੂੰ ਲੰਗਰ ਦੀ ਸੇਵਾ ਬੀਬੀ ਗੁਰਦੀਪ ਕੌਰ ਪਾਲ ਵਲੋਂ ਹੋਵੇਗੀ।

**ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।**

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5:00 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਅਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦੀਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

**ਪਿਆਰਾ ਸਿੰਘ ਬੱਸਨ : 604-254-2117, 604-254-3572, 604-325-0891**

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ

ਗੁਰਦੁਆਰਾ ਸਾਹਿਬ ਦਾ ਫੋਨ ਨੰਬਰ : (604) 254-2117

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Canadian-born, Vegetarian, Jatt Sikh boy. 30 years old. Medical Professional; currently working at Vancouver Coastal Health. Seeking a match with a girl from a Gursikh family who is also Canadian-born and Vegetarian. Please call 778-709-9910

.............................................

ਕੈਨੇਡਾ 'ਚ ਵਰਕ ਪਰਮਿਟ 'ਤੇ ਕੰਮ ਕਰ ਰਹੇ ਰਾਜਾ ਸਿੱਖ ਜਾਤੀ ਨਾਲ ਸੰਬੰਧਤ 31 ਸਾਲਾ ਤਲਾਕਸ਼ੁਦਾ ਲੜਕੇ ਲਈ ਕੈਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ, ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ।ਲੜਕੇ ਦੇ ਮਾਤਾ ਪਿਤਾ ਕੈਨੇਡਾ ਵਿੱਚ ਹੀ ਰਹਿ ਰਹੇ ਹਨ। ਸੰਪਰਕ ਨੰਬਰ +1-778-345-8088, +91-98729-23171 BH 25-09

.............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

.............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

.............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## BRIDE WANTED

ਜੌਹਲ ਪਰਿਵਾਰ ਦਾ ਖ਼ੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ 'ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

.............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ। ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ : 604-616-2171 RS- 05-12



# ਝੂਠੇ ਇਸ਼ਤਿਹਾਰਾਂ ਦਾ ਮਾਮਲਾ ਇਲੈਕਸ਼ਨ ਬੀ.ਸੀ. ਵਲੋਂ ਬੀ.ਸੀ. ਯੂਨਾਈਟਿਡ ਨੂੰ ਭਾਰੀ ਜੁਰਮਾਨਾ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਰਾਜਨੀਤੀ ਵਿੱਚ ਇੱਕ ਬਹੁਤ ਹੀ ਹੈਰਾਨੀਜਨਕ ਖੁਲਾਸਾ ਹੋਇਆ ਹੈ ਜਿਸ ਨੇ ਲੋਕਤੰਤਰੀ ਮਰਿਆਦਾਵਾਂ ਉੱਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇਲੈਕਸ਼ਨ ਬੀ.ਸੀ. ਨੇ ਆਪਣੀ ਤਾਜ਼ਾ ਜਾਂਚ ਵਿੱਚ ਪਾਇਆ ਹੈ ਕਿ 2024 ਵਿੱਚ ਕੰਜ਼ਰਵੇਟਿਵ ਆਗੂ ਜੌਨ ਰਸਟਾਡ ਨੂੰ ਪਾਰਟੀ ਪ੍ਰਧਾਨਗੀ ਤੋਂ ਹਟਾਉਣ ਦੀ ਮੰਗ ਕਰਨ ਵਾਲੀ ਇੱਕ ਵੈਬਸਾਈਟ ਅਸਲ ਵਿੱਚ ਉਨ੍ਹਾਂ ਦੀ ਵਿਰੋਧੀ ਪਾਰਟੀ ਬੀ.ਸੀ. ਯੂਨਾਈਟਿਡ ਵੱਲੋਂ ਤਿਆਰ ਕਰਵਾਈ ਗਈ ਸੀ। ਇਸ ਧੋਖਾਧੜੀ ਅਤੇ ਝੂਠੀ ਇਸ਼ਤਿਹਾਰਬਾਜ਼ੀ ਲਈ ਇਲੈਕਸ਼ਨ ਬੀ.ਸੀ. ਨੇ ਬੀ.ਸੀ. ਯੂਨਾਈਟਿਡ ਪਾਰਟੀ ਨੂੰ 4,500 ਡਾਲਰ ਦਾ ਜੁਰਮਾਨਾ ਲਗਾਇਆ ਹੈ। ਇਹ ਸਾਰੀ ਕਾਰਵਾਈ 2024 ਦੀਆਂ ਸੂਬਾਈ ਚੋਣਾਂ ਤੋਂ ਪਹਿਲਾਂ ਪ੍ਰੀ-ਕੈਂਪੇਨ ਦੌਰਾਨ ਕੀਤੀ ਗਈ ਸੀ ਜਿਸ ਦਾ ਮਕਸਦ ਕੰਜ਼ਰਵੇਟਿਵ ਪਾਰਟੀ ਦੇ ਅੰਦਰੂਨੀ ਕਲੇਸ਼ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨਾ ਸੀ।




ਜਾਂਚ ਰਿਪੋਰਟ ਅਨੁਸਾਰ ਅਗਸਤ 2024 ਵਿੱਚ 'ਫਾਇਰ ਜੌਨ ਰਸਟਾਡ' ਨਾਮ ਦੀ ਵੈਬਸਾਈਟ ਸਥਾਪਤ ਕੀਤੀ ਗਈ ਸੀ। ਉਸ ਸਮੇਂ ਇਹ ਦਾਅਵਾ ਕੀਤਾ ਗਿਆ ਸੀ ਕਿ ਇਹ ਵੈਬਸਾਈਟ ਕੰਜ਼ਰਵੇਟਿਵ ਪਾਰਟੀ ਦੇ ਉਨ੍ਹਾਂ ਮੈਂਬਰਾਂ ਦਾ ਕੰਮ ਹੈ ਜੋ ਰਸਟਾਡ ਦੀ ਅਗਵਾਈ ਤੋਂ ਨਾਖੁਸ਼ ਹਨ। ਇਸ ਦੇ ਨਾਲ ਹੀ ਚੋਣਵੇਂ ਵੋਟਰਾਂ ਨੂੰ ਡਾਕ ਰਾਹੀਂ ਅਜਿਹੀ ਸਮੱਗਰੀ ਭੇਜੀ ਗਈ ਸੀ ਜੋ ਦੇਖਣ ਵਿੱਚ ਕੰਜ਼ਰਵੇਟਿਵ ਪਾਰਟੀ ਦੇ ਬਾਗੀ ਧੜੇ ਵੱਲੋਂ ਲੱਗਦੀ ਸੀ। ਪਰ ਇਲੈਕਸ਼ਨ ਬੀ.ਸੀ. ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਪੂਰੀ ਸਾਜ਼ਿਸ਼ ਦੇ ਪਿੱਛੇ ਬੀ.ਸੀ. ਯੂਨਾਈਟਿਡ ਦੇ ਸੀਨੀਅਰ ਚੋਣ ਅਧਿਕਾਰੀ ਸਨ। ਇਸ ਯੋਜਨਾ ਨੂੰ ਅੰਜਾਮ ਦੇਣ ਲਈ ਕੈਲਗਰੀ ਦੀ ਇੱਕ ਸਿਆਸੀ ਮਾਰਕੀਟਿੰਗ ਕੰਪਨੀ 'ਸੋਵਰੇਨ ਨਾਰਥ ਸਟ੍ਰੈਟਿਜੀਜ਼ ਇੰਕ' ਦੀਆਂ ਸੇਵਾਵਾਂ ਲਈਆਂ ਗਈਆਂ ਸਨ।

ਇਸ ਗੁਪਤ ਮੁਹਿੰਮ ਦੌਰਾਨ ਵਿਧਾਇਕ ਟੇਰੇਸਾ ਵਾਟ ਵਿਰੁੱਧ ਵੀ ਬਹੁਤ ਹੀ ਗੰਭੀਰ ਅਤੇ ਝੂਠੇ ਇਲਜ਼ਾਮ ਲਗਾਏ ਗਏ ਸਨ। ਟੇਰੇਸਾ ਵਾਟ ਜੋ ਕਿ ਪਹਿਲਾਂ ਬੀ.ਸੀ. ਯੂਨਾਈਟਿਡ ਵਿੱਚ ਸਨ ਪਰ ਬਾਅਦ ਵਿੱਚ ਕੰਜ਼ਰਵੇਟਿਵ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ ਉਨ੍ਹਾਂ ਉੱਤੇ ਕੈਨੇਡਾ ਦੇ ਕ੍ਰਿਮੀਨਲ ਕੋਡ ਅਤੇ ਵਿਦੇਸ਼ੀ ਦਖਲਅੰਦਾਜ਼ੀ ਕਾਨੂੰਨਾਂ ਤਹਿਤ ਅਪਰਾਧ ਕਰਨ ਦੇ ਬਿਲਕੁਲ ਗਲਤ ਦੋਸ਼ ਲਗਾਏ ਗਏ ਸਨ। ਡਿਪਟੀ ਚੀਫ ਇਲੈਕਟੋਰਲ ਅਫਸਰ ਕੈਰੀ ਪ੍ਰਿਡਮੋਰ ਨੇ ਸਪੱਸ਼ਟ ਕੀਤਾ ਹੈ ਕਿ ਬੀ.ਸੀ. ਯੂਨਾਈਟਿਡ ਨੇ ਇਨ੍ਹਾਂ ਗੰਭੀਰ ਦੋਸ਼ਾਂ ਦੀ ਸੱਚਾਈ ਪਰਖਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਅਜਿਹੀ ਝੂਠੀ ਜਾਣਕਾਰੀ ਫੈਲਾਉਣਾ ਜਨਤਕ ਵਿਸ਼ਵਾਸ ਨੂੰ ਠੇਸ ਪਹੁੰਚਾਉਂਦਾ ਹੈ ਅਤੇ ਸਾਡੀਆਂ ਲੋਕਤੰਤਰੀ ਸੰਸਥਾਵਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ।

ਬੀ.ਸੀ. ਯੂਨਾਈਟਿਡ ਨੇ ਸ਼ੁਰੂ ਵਿੱਚ ਇਲੈਕਸ਼ਨ ਬੀ.ਸੀ. ਨੂੰ ਇਹ ਕਹਿ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ ਇਸ ਇਸ਼ਤਿਹਾਰਬਾਜ਼ੀ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪਾਰਟੀ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਇਸ ਕੰਮ ਲਈ ਜਾਰੀ ਕੀਤਾ ਗਿਆ ਬਿੱਲ ਜਾਂ ਇਨਵੌਇਸ ਵੀ ਫਰਜ਼ੀ ਹੋ ਸਕਦਾ ਹੈ ਤਾਂ ਜੋ ਉਨ੍ਹਾਂ ਦੀ ਪਾਰਟੀ ਨੂੰ ਬਦਨਾਮ ਕੀਤਾ ਜਾ ਸਕੇ। ਪਰ ਇਲੈਕਸ਼ਨ ਬੀ.ਸੀ. ਦੀ ਸੰਚਾਰ ਨਿਰਦੇਸ਼ਕ ਡੇਨੀਅਲ ਜੌਹਨਸਟਨ ਨੇ ਪੁਸ਼ਟੀ ਕੀਤੀ ਹੈ ਕਿ ਬੀ.ਸੀ. ਯੂਨਾਈਟਿਡ ਹੀ ਸੋਵਰੇਨ ਨਾਰਥ ਕੰਪਨੀ ਨੂੰ ਹਾਇਰ ਕਰਨ ਲਈ ਜ਼ਿੰਮੇਵਾਰ ਸੀ। ਹਾਲਾਂਕਿ ਉਨ੍ਹਾਂ ਨੇ ਇਸ ਸਾਜ਼ਿਸ਼ ਵਿੱਚ ਸ਼ਾਮਲ ਚੋਣ ਅਧਿਕਾਰੀਆਂ ਦੇ ਨਾਮ ਨਸ਼ਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਦਿਲਚਸਪ ਗੱਲ ਇਹ ਹੈ ਕਿ ਇਹ ਵੈਬਸਾਈਟ ਬਣਨ ਦੇ ਕੁਝ ਸਮੇਂ ਬਾਅਦ ਹੀ ਬੀ.ਸੀ. ਯੂਨਾਈਟਿਡ ਦੇ ਆਗੂ ਕੇਵਿਨ ਫਾਲਕਨ ਨੇ ਆਪਣੀ ਚੋਣ ਮੁਹਿੰਮ ਅਚਾਨਕ ਮੁਅੱਤਲ ਕਰ ਦਿੱਤੀ ਸੀ ਅਤੇ ਆਪਣੇ ਵੋਟਰਾਂ ਨੂੰ ਰਸਟਾਡ ਦੇ ਕੰਜ਼ਰਵੇਟਿਵਾਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਸੀ। ਭਾਵੇਂ ਹੁਣ ਇਹ ਪਾਰਟੀ ਸਿਆਸੀ ਦ੍ਰਿਸ਼ ਤੋਂ ਲਗਭਗ ਗਾਇਬ ਹੋ ਚੁੱਕੀ ਹੈ ਪਰ ਇਹ ਅਜੇ ਵੀ ਇੱਕ ਰਜਿਸਟਰਡ ਪਾਰਟੀ ਵਜੋਂ ਮੌਜੂਦ ਹੈ। ਕੇਵਿਨ ਫਾਲਕਨ ਜੋ ਇਸ ਵੇਲੇ ਨਾਰਥ ਵੈਨਕੂਵਰ ਵਿੱਚ ਆਪਣਾ ਕਾਰੋਬਾਰ ਚਲਾ ਰਹੇ ਹਨ ਉਨ੍ਹਾਂ ਨਾਲ ਇਸ ਮਾਮਲੇ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਕੋਈ ਸੰਪਰਕ ਨਹੀਂ ਹੋ ਸਕਿਆ। ਇਸ ਘਟਨਾ ਨੇ ਸੂਬੇ ਦੀ ਰਾਜਨੀਤੀ ਵਿੱਚ ਨੈਤਿਕਤਾ ਦੇ ਮਿਆਰਾਂ ਉੱਤੇ ਇੱਕ ਵੱਡੀ ਬਹਿਸ ਛੇੜ ਦਿੱਤੀ ਹੈ। This report was written by Ekjot Singh as part of the Local Journalism Initiative.





# ਗੁਰਦੁਆਰਾ ਸਾਹਿਬ ਬਰੁੱਕਸਾਈਡ

**8365 140 St. Surrey, BC V3W 5K9,**
**Phone: 604 502 0602, www.ramgarhiabc.ca**

ਗੁਰਦੁਆਰਾ ਸਾਹਿਬ ਬਰੁੱਕਸਾਈਡ ਅਤੇ ਇਸ ਦੀ ਸਰਪ੍ਰਸਤ
ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੀ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਲੱਖ ਲੱਖ ਵਧਾਈ

12 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 10:00 ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ
ਅਤੇ 14 ਅਪ੍ਰੈਲ ਦਿਨ ਮੰਗਲਵਾਰ ਨੂੰ ਅਖੰਡਪਾਠ ਜੀ ਦੀ ਸੰਪੂਰਤਾ ਦੀ ਅਰਦਾਸ ਹੋਵੇਗੀ
ਉਪਰੰਤ ਕਥਾ ਕੀਰਤਨ ਦਰਬਾਰ ਸਜਣਗੇ। ਨਿਮਰਤਾ ਸਹਿਤ ਬੇਨਤੀ ਹੈ ਕਿ
ਖਾਲਸਾ ਸਾਜਨਾ ਦਿਵਸ ਤੇ ਹੁੰਮਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

## GURDWARA SAHIB BROOKSIDE

ਵਿਆਹ-ਸ਼ਾਦੀ, ਅਖੰਡ ਪਾਠ ਸਾਹਿਬ,
ਜਨਮ ਦਿਨ ਅਤੇ ਹੋਰ ਪ੍ਰੋਗਰਾਮ ਦੀ
ਬੁਕਿੰਗ ਵਾਸਤੇ ਫੋਨ ਕਰੋ।

**ਫੋਨ : 604-502-0602**

HAPPY VAISAKHI

ਖਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ



SUPERSTAR

Plumbing , Heating & Sprinklers Supplies Ltd.

Sales and Service, Guaranteed Quality Work

Reasonable Rates

CONTACT

604-322-5732 OR 604-322-5705

Superstarplumbing@hotmail.com

Gurdial Singh Gadey

Cell (604) 657-8116

6640 Fraser Street at E. 50th Ave.
Vancouver BC V5X3T5

## ਇੰਡੀਆ ਕਲਚਰਲ ਸੈਂਟਰ ਆਫ਼ ਕੈਨੇਡਾ

# ਗੁਰਦਵਾਰਾ ਨਾਨਕ ਨਿਵਾਸ




**8600 - No. 5 RD., RICHMOND, B.C. • Tel : (604) 274-7479, Fax : (604) 274-0046**

## ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਵਲੋਂ

# ਖਾਲਸਾ ਸਾਜਨਾ ਦਿਵਸ ਦੀਆਂ ਲੱਖ ਲੱਖ ਵਧਾਈਆਂ

**ਵਿਸ਼ੇਸ਼ ਪ੍ਰੋਗਰਾਮ**

**ਅਰੰਭ ਸ੍ਰੀ ਅਖੰਡ ਪਾਠ ਸਾਹਿਬ 12 ਅਪ੍ਰੈਲ ਦਿਨ ਐਤਵਾਰ ਸ਼ਾਮ 5 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ 14 ਅਪ੍ਰੈਲ ਦਿਨ ਮੰਗਲਵਾਰ ਸ਼ਾਮ 5 ਵਜੇ**

**13 ਅਪ੍ਰੈਲ ਦਿਨ ਸੋਮਵਾਰ ਸ਼ਾਮ 5 ਵਜੇ**
**ਨਿਸ਼ਾਨ ਸਾਹਿਬ ਦੇ ਚੋਲਾ ਬਦਲਣ ਦੀ ਸੇਵਾ ਹੋਵੇਗੀ।**

**ਜੇ ਕਿਸੇ ਪਰਿਵਾਰ ਨੇ ਹਫਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।**

ਸਮੂਹ ਸੰਗਤ ਨੂੰ ਬੇਨਤੀ ਹੈ, ਹਰ ਐਤਵਾਰ ਸਵੇਰੇ 10:30 ਵਜੇ ਤੋਂ 12:00 ਵਜੇ ਤੱਕ ਹਫਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ,
ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫਤਾਵਾਰੀ ਸਮਾਗਮ ਵਿੱਚ ਆਕੇ ਆਪਣੇ ਜੀਵਨ ਨੂੰ ਸਫ਼ਲ ਕਰੋ।

ਹਰ ਮੰਗਲਵਾਰ ਸਵੇਰੇ 10:00 ਵਜੇ ਬੀਬੀਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਜਾਂਦੇ ਹਨ ਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ।

ਜਰੂਰੀ ਸੂਚਨਾ: ਪੰਜਾਬੀ ਸਕੂਲ:- 7 ਸਤੰਬਰ 2025 ਦਿਨ ਐਤਵਾਰ ਤੋਂ ਪੰਜਾਬੀ ਕਲਾਸਾਂ ਸ਼ੁਰੂ ਹੋ ਗਈਆਂ ਹਨ, ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉ, ਤਾਂ ਜੋ ਬੱਚੇ ਪੰਜਾਬੀ ਬੋਲ,ਪੜ੍ਹ, ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਸ੍ਰ. ਬਲਵੰਤ ਸਿੰਘ ਸੰਘੇੜਾ ਨਾਲ ਫੋਨ ਨੰਬਰ 604-836-8976 'ਤੇ ਸੰਪਰਕ ਕਰੋ।

ਰੋਜ਼ਾਨਾ ਪ੍ਰੋਗਰਾਮ: ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ, ਸ਼ਾਮ ਦੇ ਦੀਵਾਨ: ਸ਼ਾਮ 6:00 ਤੋਂ 6:30 ਰਹਿਰਾਸ ਸਾਹਿਬ, ਸ਼ਾਮ 6:30 ਤੋਂ 7:15 ਕੀਰਤਨ, 7:15 ਤੋਂ 7:30 ਅਰਦਾਸ/ਹੁਕਮਨਾਮਾ, ਸ਼ਾਮ 8:00 ਸੁਖਆਸਨ ਸੇਵਾ।

| ਮੋਹਣ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |
|---|---|---|---|
| (ਪ੍ਰਧਾਨ) | (ਖਜਾਨਚੀ) | (ਸਕੱਤਰ) | (ਸਹਾਇਕ ਸਕੱਤਰ) |

# ਗੁਰਦਵਾਰਾ ਸਾਹਿਬ ਦਾ ਫੋਨ ਨੰਬਰ 604-274-7479

FSPM VANCOUVER FRASER ST. PUNJABI MARKET

# FRASER ST. PUNJABI MARKET SOCIETY VANCOUVER

# ਫਰੇਜ਼ਰ ਸਟਰੀਟ ਪੰਜਾਬੀ ਮਾਰਕੀਟ ਸੁਸਾਇਟੀ ਵੈਨਕੂਵਰ

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ ਹੋਣ ਜੀ



**ਧੰਨਵਾਦ ਸਹਿਤ**

- ਵਿਜੇ ਖਹਿਰਾ
- ਗੁਰਦਿਆਲ ਸਿੰਘ ਗੈਡੇ
- ਜਸਵੀਰ ਉਰਗੇ
- ਕਰਨਵੀਰ ਸਿੰਘ ਰਨੌਂਤਾ
- ਜਗਜੀਵਨ ਸਿੰਘ ਰਨੌਂਤਾ
- ਮਨਦੀਪ ਮਾਂਗਟ

ਜਾਰੀ ਕਰਤਾ

## ਫਰੇਜ਼ਰ ਸਟਰੀਟ ਪੰਜਾਬੀ ਮਾਰਕੀਟ, ਸੁਸਾਇਟੀ, ਵੈਨਕੂਵਰ


Happy
Vaisakhi
&
Khalsa Day
ਖਾਲਸੇ ਦੇ ਦਿਵਸ ਵਿਸਾਖੀ
ਦੀਆਂ ਸਮੂਹ ਸੰਗਤਾਂ ਨੂੰ
ਲੱਖ ਲੱਖ ਵਧਾਈਆਂ
SUKH DHALIWAL MP
SURREY - NEWTON
#202 - 12992 76 Avenue
Surrey, British Columbia
V3W 2V6
Ph.: 604.598.2200
E-mail : sukh.dhaliwal@parl.gc.ca


ਖਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
AFG
APICAL FINANCIAL GROUP
MORTGAGE
· RESIDENTIAL
· REFINANCE
· EQUITY MORTGAGE
COMMERCIAL
· CONSTRUCTION
· PRIVATE LENDING
· DEBT CONSOLIDATION
abw
A BETTER WAY MORTGAGE GROUP
MORTGAGE ARCHITECTS
NEETU BEDI
Mortgage Advisor
604.379.7212
nbedimortgages@gmail.com


fruiticana hee jaana!
It's Rajan Mango Season!
Happy Vaisakhi
Pakistani Kinnows available only at fruiticana
WHOLESALE PRICES AT RETAIL STORE
UNBEATABLE SPECIAL
Rajan Haden Mangoes 4 kg
ਰਾਜਨ ਹੇਡਨ ਅੰਬ
$16.98 box
UNBEATABLE SUPER SUPER SPECIAL
Cauliflower
ਫੁੱਲ ਗੋਭੀ
$1.99 ea.
SUPER SPECIAL
Cilantro
ਧਨੀਆ
2 bunches for / 99¢
Raw Almonds #1 Large Size
ਵੱਡੇ ਬਦਾਮ
$5.98 lb
SUPER SPECIAL
Indian Style Carrots
ਇੰਡੀਅਨ ਗਾਜਰਾਂ
98¢ lb
SUPER SPECIAL
Jumbo Carrots
ਜੰਬੋ ਗਾਜਰਾਂ
78¢ lb
SUPER SPECIAL
DAALS Toor Daal, Chickpeas, Chana Daal, Black Chana, Red Lentil Split & Whole
98¢ lb
Nanak Rasmalai (Mango, Kesar & Reg.)
ਨਾਨਕ ਰਸਮਲਾਈ 850 g
$7.88 pkg.
Roasted Peanuts in Shell
ਭੁੱਜੀ ਮੂੰਗਫਲੀ
$1.99 lb
SUPER SPECIAL
Fresh ginger Fresh Garlic
ਤਾਜ਼ਾ ਲਸਣ ਤਾਜ਼ਾ ਅਦੱਰਕ
99¢ lb
SUPER SPECIAL
Spinach
ਪਾਲਕ
$1.39 bunch
SUPER SPECIAL
Plain Gur 2 lb
ਸਾਦਾ ਗੁੜ
$2.98 shell
Ahmed Mix or Mango Pickle (Achar) 1 kg
ਅਹਿਮਦ ਮਿਕਸ ਜਾਂ ਆਮ ਦਾ ਅਚਾਰ
$3.98 ea.
Indican Punjabi Biscuits 2.2 lb
ਇੰਡੀਕੇਨ ਪੰਜਾਬੀ ਕੁਕੀਜ਼
$5.98 pkg.
Daikon (Moli)
ਮੂਲੀ
99¢ lb
Toor Daal, Red Lentil Whole, Split & Chickpeas 4 lb Indican
$3.98 bag
Rapini (Sarson da Saag)
ਸਰਸੋਂ ਦਾ ਸਾਗ
$1.99 bunch
Thakar Amritsari Kulcha 400 g
ਠਾਕੁਰ ਅੰਮ੍ਰਿਤਸਰੀ ਕੁਲਚਾ
$2.99 pkg.
Fine Cane Sugar (Indican) 8 lb
ਗੰਨੇ ਦੀ ਖੰਡ 8lb ਇੰਡੀਕੇਨ
$5.99 bag
Russet Potatoes Snoboy 10 lb
ਆਲੂ ਰਸਟ ਸਨੋਬੁਆਏ
$3.98 bag
Yellow Onions 50 lb
ਪੀਲੇ ਗੰਢੇ
$10.98 bag
Desi Karela
ਦੇਸੀ ਕਰੇਲਾ
$1.99 lb
Frozen Cut Okra (Indican) 908 g
ਇੰਡੀਕੇਨ ਕੱਟੀ ਭਿੰਡੀ 908 g
$4.99 pkg.
Nanak Paneer Malai and Regular 341 g
ਨਾਨਕ ਪਨੀਰ
$5.49 pkg.
Red Onions 25 lb
ਲਾਲ ਗੰਢੇ
$10.98 bag
Zucchini Squash
ਜ਼ੁਕੀਨੀ ਸਕੁਐਸ਼
79¢ lb
Morrocan Mandarins (Stem and Leaf)
ਮੋਰੱਕੋ ਮੰਡਰੀਨ
$2.88 lb
Frozen Karela Indican 312 g
ਫ੍ਰੋਜ਼ਨ ਕਰੇਲਾ ਇੰਡੀਕੇਨ
$1.99 pkg.
Product images may differ from the actual product.
Thus Apr 09, 2026 - Wed Apr 15, 2026
We reserve the right to limit the quantities while they last
Specials valid for Lower Mainland only
24 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Disclaimer: We reserve the right to add restrictions on products with a minimum purchase
FRUITICANA KING GEORGE LOCATION NOW OPEN #101-10241 KING GEORGE BLVD, SURREY. 604-503-1149
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 10241 King George Blvd 604-503-1149
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Surrey 101-1812 152St. 604-539-5736
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520